Excellence in Agri Info
KHETI DUNIYAN, PATIALA

ਭਾਰਤ ਦਾ ਇੱਕੋ-ਇੱਕ ਹਫਤਾਵਾਰੀ ਪੰਜਾਬੀ ਖੇਤੀਬਾੜੀ ਅਖਬਾਰ

Rs.10/-

# ਖੇਤੀ ਦੁਨੀਆਂ

www.khetiduniyan.in

Postage Regd. No. PB/PTA/0338/2025-2027

Editor : Jagpreet Singh • RNI 42269/83 (PUNPUN00806) • Issue Dated 07-02-2026 • Vol.44 No.06 • M. 90410-14575 • Page 16 E-mail : khetiduniyan1983@gmail.com





# ਕਮਾਦ ਦੀਆਂ ਕਿਸਮਾਂ ਦੀ ਉਤਪਾਦ ਦੇ ਆਧਾਰ ਤੇ ਕਰੋ ਬਿਜਾਈ

ਗੁਲਜ਼ਾਰ ਸਿੰਘ ਸੰਘੇੜਾ ਅਤੇ ਨਵਦੀਪ ਸਿੰਘ ਜਮਵਾਲ,
ਪੀ. ਏ. ਯੂ., ਖੇਤਰੀ ਖੋਜ ਕੇਂਦਰ, ਕਪੂਰਥਲਾ (ਮੋ. 98722-04523)



**ਕਮਾਦ ਇੱਕ ਬਹੁ ਮੰਤਵੀ ਫ਼ਸਲ ਹੈ । ਪੰਜਾਬ ਵਿੱਚ ਕਮਾਦ ਖੰਡ ਉਤਪਾਦਨ ਵਾਲੀਆਂ ਫ਼ਸਲਾਂ ਵਿੱਚ ਇੱਕ ਮਹੱਤਵਪੂਰਨ ਸਥਾਨ ਤੇ ਹੈ । ਕਮਾਦ ਦੀ ਫ਼ਸਲ ਦਾ ਅੰਤਰਾਲ ਲੱਗਭੱਗ 10 ਤੋਂ 12 ਮਹੀਨੇ ਦਾ ਹੁੰਦਾ ਹੈ । ਇਸ ਲਈ ਇਸ ਫ਼ਸਲ ਤੋਂ ਵੱਧ ਮੁਨਾਫ਼ਾ ਲੈਣ ਲਈ ਇਸਦੀ ਵਿਉਂਤਬੰਦੀ ਬੀਜਣ ਤੋਂ ਪਹਿਲਾਂ ਹੀ ਕਰ ਲੈਣੀ ਚਾਹੀਦੀ ਹੈ ।**

### ਖੰਡ ਮਿੱਲ ਲਈ

ਵੱਡੇ ਪੱਧਰ ਤੇ ਕਮਾਦ ਦੀ ਕਾਸ਼ਤ ਖੰਡ ਮਿਲ ਨੂੰ ਕੱਚਾ ਮਾਲ ਦੇ ਤੌਰ ਤੇ ਦੇਣ ਲਈ ਕੀਤੀ ਜਾਂਦੀ ਹੈ । ਇਸ ਉਦੇਸ਼ ਦੀ ਪੂਰਤੀ ਲਈ ਕਿਸਾਨ ਨੇ ਵੱਧ ਝਾੜ ਪ੍ਰਾਪਤ ਕਰਨਾ ਹੁੰਦਾ ਹੈ । ਇਸ ਮੰਤਵ ਅਧੀਨ ਅਗੇਤੀਆਂ: ਦਰਮਿਆਨੀਆਂ/ਪਿਛੇਤੀਆਂ ਕਿਸਮਾਂ ਦੀ ਬਿਜਾਈ 2:1 ਵਿੱਚ ਕਰਨ ਦੀ ਸਿਫ਼ਾਰਿਸ਼ ਕੀਤੀ ਗਈ ਹੈ। ਜਿਸ ਨਾਲ ਮਿੱਲਾਂ ਦਾ ਪੀੜਾਈ ਦਾ ਅੰਤਰਾਲ ਵੱਧ ਜਾਂਦਾ ਹੈ । ਇਸ ਲਈ ਅਗੇਤੀਆਂ ਕਿਸਮਾਂ CoPb95, CoPb96, CoPb92, Co118, CoJ 85 ਅਤੇ ਦਰਮਿਆਨੀਆਂ/ਪਿਛੇਤੀਆਂ ਕਿਸਮਾਂ CoPb98, CoPb94, CoPb93, CoPb91 ਸਿਫ਼ਾਰਸ਼ ਅਧੀਨ ਹਨ, ਜਿਨ੍ਹਾਂ ਦਾ ਔਸਤਨ ਝਾੜ ਕ੍ਰਮਵਾਰ 425, 382, 335, 320, 305 ਅਤੇ 400, 400, 390, 410 ਕੁਇੰਟਲ ਪ੍ਰਤੀ ਏਕੜ ਹੈ ।

### ਰੱਸ ਲਈ

ਪੰਜਾਬ ਵਿੱਚ ਗਰਮੀਆਂ ਦੇ ਮੌਸਮ ਵਿੱਚ ਗੰਨੇ ਦੇ ਰੱਸ ਦੀ ਮੰਗ ਬਹੁਤ ਵੱਧ ਜਾਂਦੀ ਹੈ । ਇਸ ਲਈ ਇਨ੍ਹਾਂ ਹਾਲਤਾਂ ਹੇਠ ਵੱਧ ਰੱਸ ਵਾਲੇ ਅਤੇ ਪੀੜਨ ਵਿੱਚ ਸੌਖੇ ਗੰਨੇ ਦੀਆਂ ਕਿਸਮਾਂ ਦੀ ਚੋਣ ਕਰਨੀ ਲਾਜ਼ਮੀ ਹੈ । ਇਸ ਉਦੇਸ਼ ਲਈ CoPb85 ਅਤੇ CoPb98 ਕਿਸਮਾਂ ਦੀ ਸਿਫ਼ਾਰਸ਼ ਕੀਤੀ ਗਈ ਹੈ, ਜਿਨ੍ਹਾਂ ਦਾ ਔਸਤ ਝਾੜ ਕ੍ਰਮਵਾਰ 305 ਅਤੇ 400 ਕੁਇੰਟਲ ਪ੍ਰਤੀ ਏਕੜ ਹੈ ।



### ਗੁੜ/ਸ਼ੱਕਰ ਲਈ

ਗੁੜ ਲਈ ਗੰਨੇ ਦੀ ਕਾਸ਼ਤ ਪੰਜਾਬ ਦੇ ਜ਼ਿਆਦਾਤਰ ਇਲਾਕਿਆਂ ਵਿੱਚ ਲਘੂ ਉਦਯੋਗ ਦੇ ਰੂਪ ਵਿੱਚ ਕੀਤੀ ਜਾਂਦੀ ਹੈ । ਇਸ ਲਈ ਅਗੇਤੀਆਂ ਅਤੇ ਦਰਮਿਆਨੀਆਂ-ਪਿਛੇਤੀਆਂ ਕਿਸਮਾਂ ਦੀ ਬਿਜਾਈ ਦੀ ਸਿਫ਼ਾਰਸ਼ ਕੀਤੀ ਗਈ ਹੈ, ਤਾਂ ਜੋ ਗੁੜ ਦਾ ਉਤਪਾਦਨ ਦਸੰਬਰ ਤੋਂ ਸ਼ੁਰੂ ਹੋ ਕੇ ਵਿਸਾਖੀ ਤੱਕ ਲਗਾਤਾਰ ਕੀਤਾ ਜਾ ਸਕੇ । ਵਧੀਆ ਗੁੜ ਬਣਾਉਣ ਲਈ ਅਗੇਤੀਆਂ ਕਿਸਮਾਂ CoJ64, Co15023, CoPb92, Co118, CoJ85 ਅਤੇ ਦਰਮਿਆਨੀਆਂ / ਪਿਛੇਤੀਆਂ ਕਿਸਮਾਂ CoJ88, CoPb98 ਦੀ ਸਿਫ਼ਾਰਸ਼ ਕੀਤੀ ਗਈ ਹੈ ।

ਵਧੀਆ ਗੁਣਵੱਤਾ ਵਾਲਾ ਗੁੜ ਬਣਾਉਣ ਲਈ ਕਮਾਦ ਦੀ ਸਾਂਭ-ਸੰਭਾਲ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ, ਇਸ ਲਈ ਜ਼ਰੂਰੀ ਨੁਕਤੇ ਹੇਠ ਲਿਖੇ ਅਨੁਸਾਰ ਹਨ :

★ ਗੰਨੇ ਵਿਚਲੀ ਸੁਕਰੋਜ਼ (ਕਣ) ਦੀ ਮਾਤਰਾ ਇਸਦੀ ਗੁਣਵੱਤਾ ਤੈਅ ਕਰਦੀ ਹੈ । ਇਸ ਲਈ ਸੁਕਰੋਜ਼ ਦੀ ਸਹੀ ਮਾਤਰਾ ਨੂੰ ਕਾਇਮ ਰੱਖਣ ਲਈ ਕਮਾਦ ਨੂੰ ਸਮੇਂ ਸਿਰ ਖਾਦ ਅਤੇ ਪਾਣੀ ਦੇਣਾ ਜ਼ਰੂਰੀ ਹੈ ।

★ ਗੁੜ ਬਣਾਉਣ ਲਈ ਤਾਜ਼ਾ ਕੱਟਿਆ ਕਮਾਦ, ਜੋ ਕਿ ਕੀਟ ਜਾਂ ਜਾਨਵਰਾਂ ਦੇ ਸੰਕਰਮਣ ਤੋਂ ਰਹਿਤ ਹੋਵੇ, ਨੂੰ ਵਰਤਣਾ ਚਾਹੀਦਾ ਹੈ ।

★ ਡਿੱਗੇ ਹੋਏ ਅਤੇ ਪੁੰਗਰੇ ਹੋਏ ਕਮਾਦ ਨਾਲ ਬਣੇ ਗੁੜ ਦੀ ਗੁਣਵੱਤਾ ਘੱਟ ਜਾਂਦੀ ਹੈ, ਇਸ ਲਈ ਸਾਫ ਗੰਨੇ ਦੀ ਵਰਤੋਂ ਕਰਨੀ ਚਾਹੀਦੀ ਹੈ । ਗੰਨੇ ਨੂੰ ਡਿਗਣ ਤੋਂ ਬਚਾਉਣ ਲਈ ਸਮੇਂ ਸਿਰ ਬਨਾਈ ਅਤੇ ਮਿੱਟੀ ਚੜ੍ਹਾਉਣੀ ਜ਼ਰੂਰੀ ਹੈ ।

### ਧਿਆਨ ਰੱਖਣ ਯੋਗ ਗੱਲਾਂ

ਕਮਾਦ ਦੀ ਉਮਰ ਲਗਭਗ 10 ਤੋਂ 12 ਮਹੀਨੇ ਦੀ ਹੋਣੀ ਚਾਹੀਦੀ ਹੈ ਅਤੇ ਇਸ ਦੇ ਰਸ ਦੀ ਬਰਿਕਸ ਔਸਤਨ 19 ਤੋਂ 20 ਹੋਣੀ ਚਾਹੀਦੀ ਹੈ । ਇਸ ਬਰਿਕਸ ਨੂੰ ਨਾਪਣ ਲਈ ਗੰਨੇ ਦੇ ਹੇਠਲੇ, ਵਿਚਕਾਰਲੇ ਅਤੇ ਉਪਰਲੇ ਹਿੱਸੇ ਤੋਂ ਰਸ ਕੱਢ ਕੇ ਬਰਿਕਸ ਦੇਖਣੀ ਚਾਹੀਦੀ ਹੈ ਅਤੇ ਇਸ ਦੀ ਔਸਤ ਕੱਢਣੀ ਚਾਹੀਦੀ ਹੈ । ਔਸਤ 19 ਤੋਂ 20 ਬਰਿਕਸ ਵਾਲਾ ਗੰਨਾ ਪੱਕਾ ਮੰਨਿਆ ਜਾਂਦਾ ਹੈ, ਜਿਸ ਵਿੱਚੋਂ ਖੰਡ ਅਤੇ ਗੁੜ ਉੱਤਮ ਗੁਣਵੱਤਾ ਵਾਲਾ ਬਣ ਸਕਦਾ ਹੈ । ਖੰਡ ਮਿੱਲ ਅਤੇ ਰਸ ਲਈ ਗੰਨੇ ਦਾ ਹੇਠਲਾ ਲੱਗਭੱਗ 2/3 ਹਿੱਸਾ ਵਰਤਣਾ ਚਾਹੀਦਾ ਹੈ, ਗੰਨੇ ਦੀ ਕਟਾਈ ਤਾਜ਼ੀ ਹੋਣੀ ਚਾਹੀਦੀ ਹੈ, ਗੰਨਾ ਜੜ੍ਹਾਂ ਅਤੇ ਖੋਰੀ ਰਹਿਤ ਹੋਣਾ ਚਾਹੀਦਾ ਹੈ ।

**ਆਲੂ ਦੀ ਫ਼ਸਲ ਤੋਂ ਬਾਅਦ ਬਹਾਰ ਰੁੱਤ ਦੀ ਮੂੰਗਫ਼ਲੀ ਬਹੁ-ਫ਼ਸਲੀ ਪ੍ਰਣਾਲੀ ਲਈ ਢੁੱਕਵੀਂ ਫ਼ਸਲ ਹੈ।**

# ਬਹਾਰ ਰੁੱਤੇ 'ਮੂੰਗਫ਼ਲੀ ਦੀ ਸਫ਼ਲ ਕਾਸ਼ਤ' ਲਈ ਕੁੱਝ ਜ਼ਰੂਰੀ ਗੱਲਾਂ

ਗੁਰਪ੍ਰੀਤ ਸਿੰਘ ਅਤੇ ਸ਼ੈਲੀ ਨਈਅਰ ਧਾਲੀਵਾਲ

ਮੂੰਗਫ਼ਲੀ ਨੂੰ ਗਰੀਬਾਂ ਦਾ ਬਦਾਮ ਵੀ ਕਿਹਾ ਜਾਂਦਾ ਹੈ। ਇਸ ਵਿੱਚ ਤੇਲ ਦੀ ਮਾਤਰਾ 48-55% ਅਤੇ ਪ੍ਰੋਟੀਨ ਦੀ ਮਾਤਰਾ 25-28% ਹੁੰਦੀ ਹੈ । ਇਸ ਦੀ ਕਾਸ਼ਤ ਮੈਰਾ ਰੇਤਲੀ, ਮੈਰਾ ਜਾਂ ਰੇਤਲੀ ਭੱਲ ਵਾਲੀਆਂ ਜ਼ਮੀਨਾਂ ਅਤੇ ਘੱਟ ਪਾਣੀ ਵਾਲੇ ਇਲਾਕਿਆਂ ਵਿੱਚ ਕਾਮਯਾਬੀ ਨਾਲ ਕੀਤੀ ਜਾ ਸਕਦੀ ਹੈ।


ਆਲੂ ਦੀ ਫ਼ਸਲ ਤੋਂ ਬਾਅਦ ਬਹਾਰ ਰੁੱਤ ਦੀ ਮੂੰਗਫ਼ਲੀ ਬਹੁ-ਫ਼ਸਲੀ ਪ੍ਰਣਾਲੀ ਲਈ ਢੁੱਕਵੀਂ ਫ਼ਸਲ ਹੈ । ਇਸ ਨੂੰ ਬਹੁਤ ਘੱਟ ਪਾਣੀ ਦੀ ਲੋੜ ਪੈਂਦੀ ਹੈ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਵਧਾਉਂਦੀ ਹੈ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਕਾਸ਼ਤ ਲਈ ਸਿਫ਼ਾਰਿਸ਼ ਕੀਤੇ ਉੱਨਤ ਢੰਗ ਅਪਣਾ ਕੇ ਕਿਸਾਨ ਵੀਰ ਵੱਧ ਝਾੜ ਲੈ ਸਕਦੇ ਹਨ ।

**ਉੱਨਤ ਕਿਸਮਾਂ** : ਬਹਾਰ ਰੁੱਤ ਵਿੱਚ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਕਾਸ਼ਤ ਕੀਤੀ ਜਾਵੇ, ਤਾਂ ਜੋ ਇਸ ਦੀ ਪੁਟਾਈ ਬਾਰਿਸ਼ਾਂ ਤੋਂ ਪਹਿਲਾਂ ਕੀਤੀ ਜਾ ਸਕੇ ।

**ਖੇਤ ਦੀ ਤਿਆਰੀ** : ਸੇਂਜੂ ਹਾਲਤਾਂ ਵਿੱਚ ਮੂੰਗਫ਼ਲੀ ਦੀ ਕਾਸ਼ਤ ਲਈ ਤਵੀਆਂ ਜਾਂ ਹਲਾਂ ਨਾਲ 2 ਤੋਂ 3 ਵਾਹੀਆਂ ਕਾਫ਼ੀ ਹਨ ।

**ਬੀਜ ਦੀ ਮਾਤਰਾ ਤੇ ਬਿਜਾਈ ਦਾ ਢੰਗ** : ਮੂੰਗਫ਼ਲੀ ਦੀ ਪੱਧਰੀ ਜਾਂ ਬੈੱਡਾਂ 'ਤੇ ਬਿਜਾਈ ਕਰੋ ਅਤੇ ਬੀਜ ਨੂੰ 5 ਸੈਂਟੀਮੀਟਰ ਡੂੰਘਾ ਬੀਜੋ ।

**ਬੀਜ ਨੂੰ ਤਿਆਰ ਕਰਨਾ ਅਤੇ ਸੋਧ** : ਬੀਜ ਲਈ ਮੋਟੀਆਂ ਗਠੀਆਂ ਦੀ ਚੋਣ ਕਰਨੀ ਚਾਹੀਦੀ ਹੈ ਅਤੇ ਇਨ੍ਹਾਂ ਵਿੱਚੋਂ ਸਿਹਤਮੰਦ ਅਤੇ ਨਰੋਈਆਂ ਗਿਰੀਆਂ ਕੱਢੋ। ਬਹੁਤ ਛੋਟੀਆਂ, ਸੁਕੜੀਆਂ ਅਤੇ ਬੀਮਾਰੀ ਵਾਲੀਆਂ ਗਿਰੀਆਂ ਨੂੰ ਬੀਜ ਲਈ ਨਹੀਂ ਵਰਤਣਾ। ਬਿਮਾਰੀਆਂ ਦੀ ਰੋਕਥਾਮ ਲਈ ਬਿਜਾਈ ਤੋਂ ਪਹਿਲਾਂ ਪ੍ਰਤੀ ਕਿਲੋ ਗਿਰੀਆਂ ਨੂੰ 2 ਮਿਲੀਲਿਟਰ ਨਿਓਨਿਕਸ 20 ਐੱਫ ਐੱਸ (ਇਮਿਡਾਕਲੋਪਰਿਡ 18.5% +



ਹੇਕਸਾਕੋਨਾਜ਼ੋਲ 1.5%) ਜਾਂ 1.5 ਗ੍ਰਾਮ ਸੀਡੈਕਸ 2 ਡੀ ਐਸ (ਟੈਬੂਕੋਨਾਜ਼ੋਲ) ਜਾਂ 5.0 ਗ੍ਰਾਮ ਥੀਰਮ (ਟੈਟਰਾ ਮਿਥਾਇਲ ਥਾਈਯੁਰਮ) ਜਾਂ 3.0 ਗ੍ਰਾਮ ਇੰਡੋਫਿਲ ਐਮ-45 ਮੈਂਕੋਜ਼ੈਬ ਨਾਲ ਜ਼ਰੂਰ ਸ਼ੋਧ ਲੈਣਾ ਚਾਹੀਦਾ ਹੈ ।

**ਬਿਜਾਈ ਦਾ ਸਮਾਂ** : ਬਹਾਰ ਰੁੱਤ ਦੀ ਮੂੰਗਫ਼ਲੀ ਦੀ ਬਿਜਾਈ ਦਾ ਢੁੱਕਵਾਂ ਸਮਾਂ ਫਰਵਰੀ ਦਾ ਦੂਸਰਾ ਪੰਦਰਵਾੜਾ ਹੈ । ਲੇਟ ਬੀਜੀ ਫ਼ਸਲ ਬਾਰਿਸ਼ਾਂ ਵਿੱਚ ਆ ਜਾਂਦੀ ਹੈ। ਜਿਸ ਨਾਲ ਮੂੰਗਫ਼ਲੀ ਖੇਤ ਵਿੱਚ ਹੀ ਪੁੰਗਰ ਜਾਂਦੀ ਅਤੇ ਇਸ ਨਾਲ ਝਾੜ ਅਤੇ ਕੁਆਇਲਟੀ ਬਹੁਤ ਘੱਟ ਜਾਂਦੀ ਹੈ ।

**ਖਾਦਾਂ** : 12 ਕਿਲੋ ਯੂਰੀਆ, 26 ਕਿਲੋ ਡੀ. ਏ. ਪੀ. ਅਤੇ 17 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਬਿਜਾਈ ਸਮੇਂ ਪਾਓ । ਬਹਾਰ ਰੁੱਤ ਦੀ ਮੂੰਗਫ਼ਲੀ ਵਿੱਚ ਗੰਧਕ ਦੀ ਲੋੜ ਨੂੰ ਪੂਰਾ ਕਰਨ ਲਈ 50 ਕਿਲੋਗ੍ਰਾਮ ਜਿਪਸਮ ਪ੍ਰਤੀ ਏਕੜ ਨੂੰ ਦੋ ਬਰਾਬਰ ਕਿਸ਼ਤਾਂ ਵਿੱਚ ਬਿਜਾਈ ਅਤੇ ਫੁੱਲ ਪੈਣ ਸਮੇਂ ਪਾਓ ।

**ਨਦੀਨਾਂ ਦੀ ਰੋਕਥਾਮ** : ਦੋ ਗੋਡੀਆਂ, ਬਿਜਾਈ ਤੋਂ 5 ਹਫ਼ਤੇ ਅਤੇ 6 ਹਫ਼ਤੇ ਬਾਅਦ ।

**ਸਿੰਚਾਈ** : ਇਸ ਮੌਸਮ ਵਿੱਚ 6-8 ਪਾਣੀਆਂ ਦੀ ਲੋੜ ਪੈਂਦੀ ਹੈ, ਜੋ ਤਾਪਮਾਨ 'ਤੇ ਨਿਰਭਰ ਕਰਦਾ ਹੈ। ਫੁੱਲ ਪੈਣ ਸਮੇਂ (ਬਿਜਾਈ ਤੋਂ 25-30 ਦਿਨਾਂ ਬਾਅਦ), ਗੱਠੀਆਂ ਬਣਨ ਸਮੇਂ ਅਤੇ ਗੱਠੀਆਂ ਵਿੱਚ ਗਿਰੀਆਂ ਬਣਨ ਸਮੇਂ ਪਾਣੀ ਜ਼ਰੂਰ ਦੇਣਾ ਚਾਹੀਦਾ ਹੈ।

**ਫ਼ਸਲ ਦੀ ਪੁਟਾਈ ਅਤੇ ਝੜ੍ਹਾਈ** : ਬਹਾਰ ਰੁੱਤ ਦੀ ਫ਼ਸਲ ਜੂਨ ਦੇ ਅਖੀਰ ਜਾਂ ਜੁਲਾਈ ਦੇ ਸ਼ੁਰੂ ਵਿੱਚ ਪੱਕ ਜਾਂਦੀ ਹੈ । ਫ਼ਸਲ ਦਾ ਪਤਰਾਲ ਪੱਕਣ ਸਮੇਂ ਹਰਾ ਹੀ ਰਹਿੰਦਾ ਹੈ । ਫ਼ਸਲ ਪੱਕਣ ਦੀ ਨਿਸ਼ਾਨੀ ਇਹ ਹੈ, ਜੇਕਰ ਬੂਟੇ ਨੂੰ ਪੁੱਟਣ ਉਪਰੰਤ ਜੇ ਦੋ ਤਿਹਾਈ ਗਿਰੀਆਂ ਦਾ ਰੰਗ ਗੁਲਾਬੀ ਅਤੇ ਗੱਠੀਆਂ ਦਾ ਛਿਲਕਾ ਅੰਦਰੋਂ ਭੂਰੇ ਜਾਂ ਕਾਲੇ ਰੰਗ ਦਾ ਹੋ ਜਾਵੇ ।

ਪੁੱਟੀ ਹੋਈ ਫ਼ਸਲ ਦੇ ਛੋਟੇ-ਛੋਟੇ ਢੇਰਾਂ ਨੂੰ ਦੋ ਦਿਨਾਂ ਲਈ ਖੇਤ ਵਿੱਚ ਧੁੱਪ ਲੱਗਣ ਪਿੱਛੋਂ ਫ਼ਸਲ ਨੂੰ ਇੱਕ ਥਾਂ ਇਕੱਠੀ ਕਰਕੇ ਰੋਜ਼ਾਨਾ ਦੋ-ਤਿੰਨ ਵਾਰ, 2-3 ਦਿਨਾਂ ਲਈ ਤਰੰਗਲੀ ਨਾਲ ਝਾੜੋ ਅਤੇ ਟਾਂਗਰ ਨਾਲੋਂ ਗੱਠੀਆਂ ਅਤੇ ਪੱਤੇ ਵੱਖ ਕਰ ਲਓ। ਫਿਰ ਉਡਾਈ ਕਰ ਕੇ ਗੱਠੀਆਂ ਪੱਤਿਆਂ ਨਾਲੋਂ ਵੱਖ ਕਰ ਦਿਉ । ਕਿਸਾਨ ਵੀਰ ਟਰੈਕਟਰ ਨਾਲ ਚੱਲਣ ਵਾਲਾ ਮੂੰਗਫ਼ਲੀ ਥਰੈਸ਼ਰ ਵੀ ਵਰਤ ਸਕਦੇ ਹਨ ।

**ਕੀੜੇ ਅਤੇ ਬਿਮਾਰੀਆਂ** : ਬਹਾਰ ਰੁੱਤ ਦੀ ਫ਼ਸਲ ਨੂੰ ਬਹੁਤ ਘੱਟ ਕੀੜੇ ਅਤੇ ਬਿਮਾਰੀਆਂ ਲੱਗਦੀਆਂ ਹਨ । ਬੀਜ ਦਾ ਗਲਣਾ ਅਤੇ ਗਿੱਚੀ ਦਾ ਗਲਣਾ ਬਿਜਾਈ ਦੀ ਰੋਕਥਾਮ ਬੀਜ ਸੋਧ ਕੇ ਹੋ ਜਾਂਦੀ ਹੈ ਅਤੇ ਚਿੱਟੇ ਸੁੰਡ ਦਾ ਵੀ ਬੀਜ ਸੋਧਣ ਨਾਲ ਹੀ ਹੱਲ ਹੋ ਜਾਂਦਾ ਹੈ ।

# ਹਾੜ੍ਹੀ ਦੀਆਂ ਫ਼ਸਲਾਂ ਵਿੱਚ ਖੁਰਾਕੀ ਤੱਤਾਂ ਦਾ ਛਿੜਕਾਅ



ਵਿਵੇਕ ਕੁਮਾਰ, ਗੁਰਵਿੰਦਰ ਸਿੰਘ, ਕਰਮਜੀਤ ਸ਼ਰਮਾ
ਪੀ. ਏ. ਯੂ. ਕ੍ਰਿਸ਼ੀ ਵਿਗਿਆਨ ਕੇਂਦਰ, ਸ੍ਰੀ ਮੁਕਤਸਰ ਸਾਹਿਬ

**ਫ਼ਸਲਾਂ ਦਾ ਪੂਰਾ ਝਾੜ ਲੈਣ ਲਈ ਖ਼ੁਰਾਕੀ ਤੱਤ ਪ੍ਰਬੰਧਨ ਦਾ ਅਹਿਮ ਯੋਗਦਾਨ ਹੁੰਦਾ ਹੈ ਕਿਉਂਕਿ ਪੌਦੇ ਦੇ ਸਹੀ ਵਾਧੇ ਤੇ ਵਿਕਾਸ ਲਈ ਜਿਹੜੇ ਤੱਤਾਂ ਦੀ ਲੋੜ ਹੁੰਦੀ ਹੈ, ਉਨ੍ਹਾਂ ਦੀ ਪੂਰਤੀ ਖ਼ੁਰਾਕੀ ਤੱਤ ਪ੍ਰਬੰਧਨ ਦੁਆਰਾ ਹੀ ਕੀਤੀ ਜਾਂਦੀ ਹੈ। ਫ਼ਸਲਾਂ ਦੇ ਖ਼ੁਰਾਕੀ ਤੱਤਾਂ ਦੀ ਪੂਰਤੀ ਸੰਬੰਧੀ ਇਸ ਗੱਲ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੁੰਦਾ ਹੈ ਕਿ ਤੱਤ ਸਹੀ ਮਾਤਰਾ ਵਿੱਚ, ਸਹੀ ਸਮੇਂ 'ਤੇ ਸਹੀ ਤਰੀਕੇ ਨਾਲ ਤੇ ਸਹੀ ਸਰੋਤ ਦੁਆਰਾ ਹੀ ਪਾਏ ਜਾਣ। ਹਾੜ੍ਹੀ ਰੁੱਤ ਦੌਰਾਨ ਫ਼ਸਲਾਂ ਵਿੱਚ ਮੁੱਖ ਖ਼ੁਰਾਕੀ ਤੱਤ ਜੈਵਿਕ, ਜੀਵਾਣੂ ਤੇ ਰਸਾਇਣਕ ਖਾਦਾਂ ਦੀ ਰਲਵੀਂ ਵਰਤੋਂ ਨਾਲ ਫ਼ਸਲ ਦੀ ਸ਼ੁਰੂਆਤੀ ਅਵਸਥਾ ਵਿੱਚ ਹੀ ਪਾਏ ਜਾਂਦੇ ਹਨ ਪਰ ਕੁੱਝ ਖ਼ਰਾਕੀ ਤੱਤਾਂ ਦੀ ਪੂਰਤੀ ਫ਼ਸਲ ਦੀ ਲੋੜ ਅਨੁਸਾਰ ਛਿੜਕਾਅ ਕਰਕੇ ਕੀਤੀ ਜਾਂਦੀ ਹੈ, ਜੋ ਫ਼ਸਲ ਦੇ ਝਾੜ ਤੇ ਗੁਣਵੱਤਾ ਵਧਾਉਣ ਵਿੱਚ ਅਹਿਮ ਯੋਗਦਾਨ ਪਾਉਂਦੀ ਹੈ।**

**ਕਣਕ** : ਜੇ ਯੂਰੀਆ ਦੀ ਪੂਰੀ ਮਾਤਰਾ ਖੇਤ ਵਿੱਚ ਪਾ ਦੇਣ ਉਪਰੰਤ ਵੀ ਫ਼ਸਲ 'ਤੇ ਨਾਈਟ੍ਰੋਜਨ ਤੱਤ ਦੀ ਘਾਟ ਦੇ ਲੱਛਣ ਆਉਣ ਤਾਂ 3% ਯੂਰੀਆ ਘੋਲ (9 ਕਿਲੋ ਯੂਰੀਆ 300 ਲਿਟਰ ਪਾਣੀ ਵਿੱਚ ਪ੍ਰਤੀ ਏਕੜ) ਦਾ ਦੋ ਪਾਸਾ ਛਿੜਕਾਅ ਕਰਨਾ ਚਾਹੀਦਾ ਹੈ। ਮੈਂਗਨੀਜ਼ ਦੀ ਘਾਟ ਵਾਲੀਆਂ ਜ਼ਮੀਨਾਂ ਵਿੱਚ 0.5% ਮੈਗਨੀਜ਼ ਸਲਫ਼ੇਟ (ਇੱਕ ਕਿਲੋ ਮੈਗਨੀਜ਼ ਸਲਫ਼ੇਟ 200 ਲਿਟਰ ਪਾਣੀ ਵਿੱਚ ਪ੍ਰਤੀ ਏਕੜ) ਦਾ ਇੱਕ ਛਿੜਕਾਅ ਪਹਿਲੇ ਪਾਣੀ ਤੋਂ 2-4 ਦਿਨ ਪਹਿਲਾ ਅਤੇ 5 ਛਿੜਕਾਅ ਹਫ਼ਤੇ-ਹਫ਼ਤੇ ਦੇ ਫ਼ਰਕ ਨਾਲ ਬਾਅਦ ਵਿੱਚ ਧੁੱਪ ਵਾਲੇ ਦਿਨਾਂ ਵਿੱਚ ਕਰਨਾ ਚਾਹੀਦਾ ਹੈ। ਮੈਗਨੀਜ਼ ਸਲਫ਼ੇਟ ਦੀ ਸਿਰਫ਼ ਸਪਰੇਅ ਹੀ ਕਰਨ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ, ਇਸ ਨੂੰ ਜ਼ਮੀਨ ਵਿੱਚ ਪਾਉਣਾ ਅਸਰਦਾਰ ਨਹੀਂ ਹੁੰਦਾ। ਜ਼ਿੰਕ ਦੀ ਘਾਟ ਨਾਲ ਬੂਟਿਆਂ ਦਾ ਵਾਧਾ ਰੁੱਕ ਜਾਂਦਾ ਹੈ ਅਤੇ ਬੂਟੇ ਝਾੜੀ ਵਰਗੇ ਬਣ ਜਾਂਦੇ ਹਨ। ਪੱਤੇ ਲੱਕ ਵਿਚਕਾਰੋਂ ਪੀਲੇ ਪੈ ਜਾਂਦੇ ਹਨ ਅਤੇ ਬਾਅਦ ਵਿੱਚ ਉੱਥੋਂ ਟੁੱਟ ਕੇ ਲਮਕ ਜਾਂਦੇ ਹਨ। ਜ਼ਿੰਕ ਦੀ ਘਾਟ ਵਾਲੀਆਂ ਜ਼ਮੀਨਾਂ ਵਿੱਚ ਆਮ ਤੌਰ 'ਤੇ ਬਿਜਾਈ ਸਮੇਂ 25 ਕਿਲੋ ਜ਼ਿੰਕ ਸਲਫ਼ੇਟ (21% ਜ਼ਿੰਕ) ਪ੍ਰਤੀ ਏਕੜ ਜ਼ਮੀਨ ਵਿੱਚ ਛੱਟੇ ਨਾਲ ਪਾਉਣ ਦੀ ਸਿਫ਼ਾਰਿਸ਼ ਕੀਤੀ ਜਾਂਦੀ ਹੈ, ਜੋ 2-3 ਸਾਲ ਲਈ ਜ਼ਿੰਕ ਦੀ ਪੂਰਤੀ ਕਰ ਦਿੰਦੀ ਹੈ। ਜ਼ਿੰਕ ਦੀ ਘਾਟ ਜ਼ਿੰਕ ਸਲਫ਼ੇਟ (0.5%) ਦੀ ਸਪਰੇਅ ਕਰਨ ਨਾਲ ਵੀ ਪੂਰੀ ਕੀਤੀ ਜਾ ਸਕਦੀ ਹੈ। ਇੱਕ ਏਕੜ ਲਈ ਇੱਕ ਕਿਲੋ ਜ਼ਿੰਕ ਸਲਫ਼ੇਟ ਤੇ ਅੱਧਾ ਕਿਲੋ ਅਣਬੁਝਿਆ ਚੂਨਾ 200 ਲਿਟਰ ਪਾਣੀ ਵਿੱਚ ਘੋਲ ਕੇ 15 ਦਿਨਾਂ ਦੀ ਫ਼ਰਕ 'ਤੇ 2-3 ਵਾਰ ਛਿੜਕਾਅ ਕਰਨਾ ਚਾਹੀਦਾ ਹੈ। ਕਣਕ ਦੇ ਦਾਣਿਆਂ ਵਿੱਚ ਜ਼ਿੰਕ ਦਾ ਵਾਧਾ ਕਰਕੇ ਕਣਕ ਦੀ ਪੌਸ਼ਟਿਕ ਗੁਣਵੱਤਾ ਨੂੰ ਵਧਾਇਆ ਜਾ ਸਕਦਾ ਹੈ। ਇਸ ਲਈ ਫ਼ਸਲ 'ਤੇ 0.5% ਜ਼ਿੰਕ ਸਲਫ਼ੇਟ ਦੇ ਇੱਕ ਜਾਂ ਦੋ ਸਪਰੇਅ (ਸਿੱਟੇ ਨਿਕਲਣ ਸਮੇਂ ਤੋਂ ਦਾਣੇ ਬਣਨੇ ਸ਼ੁਰੂ ਹੋਣ ਤੱਕ) ਸ਼ਾਮ ਦੇ ਸਮੇਂ ਕਰਨ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਕਣਕ ਨੂੰ ਦਾਣੇ ਭਰਨ ਸਮੇਂ ਵੱਧ ਤਾਪਤਾਨ ਤੋਂ ਬਚਾਉਣ ਲਈ ਅਤੇ ਵੱਧ ਝਾੜ ਲੈਣ ਲਈ 2% ਪੋਟਾਸ਼ੀਅਮ ਨਾਈਟ੍ਰੇਟ (13:0:45) (4 ਕਿਲੋਗ੍ਰਾਮ ਪੋਟਾਸ਼ੀਅਮ ਨਾਈਟ੍ਰੇਟ ਪ੍ਰਤੀ ਏਕੜ ਨੂੰ 200 ਲਿਟਰ ਪਾਣੀ ਵਿੱਚ) ਦੇ ਦੋ ਛਿੜਕਾਅ, ਪਹਿਲਾ ਗੋਭ ਵਾਲਾ ਪੱਤਾ ਨਿਕਲਣ ਅਤੇ ਦੂਜਾ ਬੂਰ ਪੈਣ ਸਮੇਂ ਕਰਨੇ ਬਹੁਤ ਲਾਹੇਵੰਦ ਰਹਿੰਦੇ ਹਨ ਜਾਂ ਪ੍ਰਤੀ ਏਕੜ 15 ਗਰਾਮ ਸੈਲੀਸਿਲਕ ਏਸਿਡ ਨੂੰ 450 ਮਿਲੀਲਿਟਰ ਈਥਾਈਲ ਅਲਕੋਹਲ ਵਿੱਚ ਘੋਲਣ ਉਪਰੰਤ 200 ਲਿਟਰ ਪਾਣੀ ਵਿੱਚ ਘੋਲ ਕੇ ਪਹਿਲਾ ਛਿੜਕਾਅ ਗੋਭ ਵਾਲਾ ਪੱਤਾ ਨਿਕਲਣ ਸਮੇਂ ਅਤੇ ਦੂਸਰਾ ਸਿੱਟੇ ਵਿੱਚ ਦੁੱਧ ਪੈਣ ਸਮੇਂ ਕਰਨਾ ਚਾਹੀਦਾ ਹੈ। ਜੇਕਰ ਕਣਕ ਵਿੱਚ ਫ਼ਾਸਫੋਰਸ ਨੂੰ ਡੀ.ਏ.ਪੀ. ਰਾਹੀਂ ਬਿਜਾਈ ਸਮੇਂ ਪਾਇਆ ਗਿਆ ਹੋਵੇ ਤਾਂ ਫ਼ਸਲ ਨੂੰ ਪਹਿਲੇ ਤੇ ਦੂਜੇ ਪਾਣੀ ਤੋਂ ਪਹਿਲਾਂ 45 ਕਿਲੋ ਯੂਰੀਏ ਦੀਆਂ ਦੋ ਬਰਾਬਰ ਕਿਸ਼ਤਾਂ ਛੱਟੇ ਨਾਲ ਪਾਉਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਪਰ ਭਾਰੀ ਜ਼ਮੀਨਾਂ ਵਿੱਚ ਜੇ ਦੂਜਾ ਪਾਣੀ ਦੇਰ ਨਾਲ ਲੱਗਣ ਦੀ ਸੰਭਾਵਨਾ ਹੋਵੇ ਤਾਂ 7.5% ਯੂਰੀਆ (15 ਕਿਲੋ ਯੂਰੀਆ ਪ੍ਰਤੀ ਏਕੜ ਨੂੰ 200 ਲਿਟਰ ਪਾਣੀ ਵਿੱਚ ਘੋਲ) ਦੇ ਦੋ ਛਿੜਕਾਅ ਕਣਕ ਦੀ ਬਿਜਾਈ ਤੋਂ 42 ਅਤੇ 54 ਦਿਨ ਬਾਅਦ ਕਰਨੇ ਚਾਹੀਦੇ ਹਨ।



**ਜੌਂ** : ਜੌਆਂ 'ਤੇ ਸ਼ਾਮ ਸਮੇਂ 0.5% ਜ਼ਿੰਕ ਸਲਫ਼ੇਟ (ਇੱਕ ਕਿਲੋ ਜ਼ਿੰਕ ਸਲਫ਼ੇਟ ਅਤੇ ਅੱਧਾ ਕਿਲੋ ਅਣਬੁਝੇ ਚੂਨੇ ਪ੍ਰਤੀ ਏਕੜ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ) ਦੇ ਦੋ ਛਿੜਕਾਅ (ਸਿੱਟੇ ਨਿਕਲਣ ਸਮੇਂ ਅਤੇ ਸਿੱਟੇ ਵਿੱਚ ਦੁੱਧ ਪੈਣ ਸਮੇਂ) ਕਰਨ ਨਾਲ ਦਾਣਿਆਂ ਵਿੱਚ ਜ਼ਿੰਕ ਦੀ ਮਾਤਰਾ ਵੱਧਦੀ ਹੈ। ਇਸ ਨਾਲ ਜੌਆਂ ਦੀ ਪੌਸ਼ਟਿਕ ਗੁਣਵੱਤਾ ਵਿੱਚ ਵਾਧਾ ਹੁੰਦਾ ਹੈ।

**ਛੋਲੇ** : ਫ਼ਸਲ ਦਾ ਵਧੇਰੇ ਝਾੜ ਲੈਣ ਲਈ ਸਿਫ਼ਾਰਿਸ਼ ਖਾਦਾਂ ਤੋਂ ਇਲਾਵਾ ਫ਼ਸਲ ਬੀਜਣ ਤੋਂ 90 ਅਤੇ 110 ਦਿਨਾਂ ਤੇ 2% ਯੂਰੀਆ (3 ਕਿਲੋ ਯੂਰੀਆ 150 ਲਿਟਰ ਪਾਣੀ ਵਿੱਚ ਪ੍ਰਤੀ ਏਕੜ) ਦਾ ਛਿੜਕਾਅ ਕਰਨਾ ਚਾਹੀਦਾ ਹੈ। ਛੋਲਿਆਂ ਦੇ ਦਾਣਿਆਂ ਵਿੱਚ ਜ਼ਿੰਕ ਦੀ ਮਾਤਰਾ ਵਧਾਉਣ ਲਈ ਫ਼ਸਲ ਬੀਜਣ ਤੋਂ 90 ਅਤੇ 110 ਦਿਨਾਂ ਬਾਅਦ 0.5% ਜ਼ਿੰਕ ਸਲਫ਼ੇਟ ਹੈਪਟਾਹਾਈਡਰੇਟ (21% ਜ਼ਿੰਕ) (750 ਗ੍ਰਾਮ ਪ੍ਰਤੀ ਏਕੜ) +2% ਯੂਰੀਆ (3 ਕਿਲੋ ਪ੍ਰਤੀ ਏਕੜ) ਨੂੰ 150 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨਾ ਚਾਹੀਦਾ ਹੈ। ਇਸ ਛਿੜਕਾਅ ਦੇ ਨਾਲ ਝਾੜ ਵੀ ਵੱਧਦਾ ਹੈ।

**ਕਮਾਦ** : ਹਲਕੀਆਂ ਜ਼ਮੀਨਾਂ ਵਿੱਚ ਕਮਾਦ ਦੀ ਫ਼ਸਲ 'ਤੇ ਲੋਹੇ ਦੀ ਘਾਟ ਆ ਜਾਂਦੀ ਹੈ। ਇਸ ਦੀਆਂ ਨਿਸ਼ਾਨੀਆਂ ਪਹਿਲਾਂ ਨਵੇਂ ਪੱਤਿਆਂ 'ਤੇ ਆਉਂਦੀਆਂ ਹਨ। ਪੱਤੇ ਦੀਆਂ ਹਰੀਆਂ ਨਾੜੀਆਂ ਦੇ ਵਿਚਕਾਰ ਪੀਲੇ ਰੰਗ ਦੀਆਂ ਧਾਰੀਆਂ ਪੈ ਜਾਂਦੀਆਂ ਹਨ ਅਤੇ ਬਾਅਦ ਵਿੱਚ ਨਾੜੀਆਂ ਵੀ ਪੀਲੀਆਂ ਪੈ ਜਾਂਦੀਆਂ ਹਨ। ਲੋਹੇ ਦੀ ਬਹੁਤੀ ਘਾਟ ਸਮੇਂ ਪੱਤੇ ਚਿੱਟੇ ਰੰਗ ਦੇ ਹੋ ਜਾਂਦੇ ਹਨ ਅਤੇ ਬੂਟਾ ਛੋਟਾ ਰਹਿੰਦਾ ਹੈ। ਜਦੋਂ ਵੀ ਇਹ ਨਿਸ਼ਾਨੀਆਂ ਨਜ਼ਰ ਆਉਣ ਉਸ ਵੇਲੇ ਫ਼ੈਰਸ ਸਲਫ਼ੇਟ ਦਾ ਇੱਕ ਫ਼ੀਸਦੀ ਘੋਲ (ਇੱਕ ਕਿਲੋ ਫ਼ੈਰਸ ਸਲਫ਼ੇਟ ਪ੍ਰਤੀ ਏਕੜ 100 ਲਿਟਰ ਪਾਣੀ ਵਿੱਚ) ਹਫ਼ਤੇ-ਹਫ਼ਤੇ ਦੇ ਫ਼ਰਕ 'ਤੇ ਦੋ-ਤਿੰਨ ਵਾਰ ਛਿੜਕਣਾ ਚਾਹੀਦਾ ਹੈ।

ਛਿੜਕਾਅ ਦੌਰਾਨ ਵੱਖ-ਵੱਖ ਖ਼ੁਰਾਕੀ ਤੱਤਾਂ ਦੇ ਮਿਸ਼ਰਣ ਦੀ ਵਰਤੋਂ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਤਾਂ ਜੋ ਫ਼ਸਲ ਨੂੰ ਕਿਸੇ ਕਿਸਮ ਦਾ ਕੋਈ ਨੁਕਸਾਨ ਨਾ ਹੋਵੇ।



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 44 ਅੰਕ 06
ਮਿਤੀ 07-02-2026

ਐਡੀਟਰ
ਜਗਪ੍ਰੀਤ ਸਿੰਘ

ਮਾਰਕੀਟਿੰਗ ਦਫਤਰ
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

ਸੰਪਾਦਕੀ ਬੋਰਡ
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ

ਕੰਪੋਜ਼ਿੰਗ
ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Drishti Printers**,
484, Nagra Street, Natan Wali Gali,Backside Dashmesh Market,
Near Sher-e-Punjab Market, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**


# ਮਗਨਰੇਗਾ ਯੋਜਨਾ ਵਿੱਚ ਤਬਦੀਲੀਆਂ ਦਾ ਮੰਤਵ ਕੀ ਹੈ?


ਡਾ. ਦਵਿੰਦਰ ਕੌਰ ਖੁਸ਼ ਧਾਲੀਵਾਲ
(ਮੋ. 88472-27740)


ਲੋਕ ਸਭਾ ਦੇ ਸਰਦ ਰੁੱਤ ਸੈਸ਼ਨ ਦੌਰਾਨ ਕੇਂਦਰ ਸਰਕਾਰ ਨੇ ਮਗਨਰੇਗਾ ਸਕੀਮ ਨੂੰ 'ਵੀ. ਬੀ. ਜੀ. ਰਾਮ ਜੀ' ਦੇ ਨਾਂਅ ਹੇਠ ਬਦਲ ਦਿੱਤਾ ਹੈ। ਕੇਂਦਰ ਸਰਕਾਰ ਨੇ ਲੋਕ ਵਿਰੋਧੀ ਫੈਸਲਾ ਲੈਂਦਿਆਂ ਇਸ ਸਕੀਮ ਤਹਿਤ ਗਾਰੰਟੀਸ਼ੁਦਾ ਰੁਜ਼ਗਾਰ ਦੇ ਨਿਯਮ ਨੂੰ ਰੱਦ ਕਰਨ ਦੇ ਨਾਲ ਹੀ ਸੂਬਿਆਂ 'ਤੇ ਵਧੇਰੇ ਵਿੱਤੀ ਬੋਝ ਪਾ ਦਿੱਤਾ ਹੈ। ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਾਰੰਟੀ ਐਕਟ (ਮਗਨਰੇਗਾ) ਕਾਂਗਰਸ ਦੀ ਅਗਵਾਈ ਹੇਠਲੀ ਯੂ. ਪੀ. ਏ. ਸਰਕਾਰ ਵੇਲੇ ਦਸੰਬਰ 2005 ਵਿੱਚ ਬਣਿਆ ਸੀ। ਇਸ ਕਾਨੂੰਨ ਤਹਿਤ ਪੇਂਡੂ ਖੇਤਰ ਦੇ ਗੈਰ-ਹੁਨਰਮੰਦ ਲੋਕਾਂ ਨੂੰ ਕਿਰਤ ਲਈ 100 ਦਿਨ ਦਾ ਕੰਮ ਦਿੱਤਾ ਜਾਣਾ ਤੈਅ ਹੋਇਆ ਸੀ, ਜੋ ਪੇਂਡੂ ਕਿਰਤੀਆਂ ਨੂੰ ਮਿਲਿਆ ਇੱਕ ਸੀਮਤ ਰੁਜ਼ਗਾਰ ਸੀ। ਇਸ ਸਕੀਮ ਤਹਿਤ 90 ਫੀਸਦੀ ਫੰਡ ਕੇਂਦਰ ਸਰਕਾਰ ਅਤੇ 10 ਫੀਸਦੀ ਫੰਡ ਸੂਬਾ ਸਰਕਾਰਾਂ ਦਿੰਦੀਆਂ ਸਨ। ਇਸ ਸਕੀਮ ਤਹਿਤ 90 ਫੀਸਦੀ ਫੰਡ ਕੇਂਦਰ ਸਰਕਾਰ ਅਤੇ 10 ਫੀਸਦੀ ਫੰਡ ਸੂਬਾ ਸਰਕਾਰਾਂ ਦਿੰਦੀਆਂ ਸਨ। ਇਸ ਸਕੀਮ ਤਹਿਤ ਪੇਂਡੂ ਪਰਿਵਾਰਾਂ ਦੇ ਕਾਰਡ ਧਾਰਕ ਗ੍ਰਾਮ ਪੰਚਾਇਤ ਵਿੱਚ ਲਿਖਤੀ ਅਰਜ਼ੀ ਦੇ ਕੇ ਰੁਜ਼ਗਾਰ ਦੀ ਮੰਗ ਕਰ ਸਕਦੇ ਸਨ ਅਤੇ ਅਰਜ਼ੀ ਦੇਣ ਤੋਂ 15 ਦਿਨਾਂ ਅੰਦਰ ਪੰਚਾਇਤ ਲਈ ਉਨ੍ਹਾਂ ਨੂੰ ਰੁਜ਼ਗਾਰ ਦੇਣਾ ਜ਼ਰੂਰੀ ਸੀ। ਮਗਨਰੇਗਾ ਸਕੀਮ ਤਹਿਤ 50 ਫੀਸਦੀ ਰੁਜ਼ਗਾਰ ਔਰਤਾਂ ਨੂੰ ਦੇਣ ਦਾ ਨਿਯਮ ਸੀ, ਹਾਲਾਂਕਿ ਪਿਛਲੇ 5 ਸਾਲਾਂ ਦੌਰਾਨ ਔਰਤਾਂ ਦੀ ਸ਼ਮੂਲੀਅਤ 58 ਫੀਸਦੀ ਰਹੀ ਸੀ। ਇਸ ਸਕੀਮ ਦੀ ਵਿਉਂਤਬੰਦੀ ਵਿੱਚ ਪੰਚਾਇਤਾਂ ਅਤੇ ਸੂਬਾ ਸਰਕਾਰਾਂ ਦੀ ਅਹਿਮ ਭੂਮਿਕਾ ਸੀ। ਭਾਵੇਂ ਇਸ ਨੂੰ ਲਾਗੂ ਕਰਨ ਲਈ ਚੋਰ ਮੋਰੀਆਂ ਰਾਹੀਂ ਢਿੱਲ ਵੀ ਵਰਤੀ ਜਾਂਦੀ ਰਹੀ ਅਤੇ ਸਥਾਨਕ ਅਧਿਕਾਰੀ ਮਿਲੀਭੁਗਤ ਨਾਲ ਭ੍ਰਿਸ਼ਟਾਚਾਰ ਕਰਦੇ ਰਹੇ। ਹਾਲਾਂਕਿ ਲੋਕਾਂ ਨੇ ਆਪਣੇ ਏਕੇ ਰਾਹੀਂ ਕਾਨੂੰਨ ਨੂੰ ਲਾਗੂ ਕਰਵਾ ਕੇ ਆਪਣਾ ਬਣਦਾ ਰੁਜ਼ਗਾਰ ਹਾਸਿਲ ਕੀਤਾ।

## ਮਗਨਰੇਗਾ ਸਕੀਮ ਲਿਆਉਣ ਪਿੱਛੇ ਹਾਕਮ ਜਮਾਤ ਦਾ ਟੀਚਾ

ਕਈ ਬੁੱਧੀਜੀਵੀ ਅਤੇ ਕਾਰਕੁੰਨ ਭੁਲੇਖੇ ਦਾ ਸ਼ਿਕਾਰ ਹਨ ਕਿ ਕਾਂਗਰਸ ਦੀ ਅਗਵਾਈ ਵਾਲੀ ਯੂ. ਪੀ. ਏ. ਸਰਕਾਰ ਇਹ ਸਕੀਮ ਲੋਕਾਂ ਦੀ ਭਲਾਈ ਲਈ ਲੈ ਕੇ ਆਈ ਸੀ। ਭਾਵੇਂ ਇਸ ਨਾਲ ਲੋਕਾਂ ਦੇ ਇੱਕ ਹਿੱਸੇ ਨੂੰ ਕੁਝ ਰਾਹਤ ਵੀ ਮਿਲੀ, ਪਰ ਇਹ ਸਕੀਮ ਦਾ ਟੀਚਾ ਨਹੀਂ, ਸਗੋਂ ਸਿਰਫ ਇੱਕ ਸਿੱਟਾ ਸੀ। ਇਸ ਦਾ ਟੀਚਾ ਹਾਕਮ ਜਮਾਤ ਵੱਲੋਂ ਸਰਮਾਏਦਾਰਾਨਾ ਵਿਕਾਸ ਨਾਲ ਪੈਦਾ ਹੋਈਆਂ ਕੁਝ ਸਮੱਸਿਆਵਾਂ ਦਾ ਹੱਲ ਕੱਢਣਾ ਸੀ ਤਾਂ ਕਿ ਲੋਕਾਂ ਦਾ ਰੋਹ ਵਿਸਫੋਟਕ ਰੂਪ ਨਾ ਧਾਰਨ ਕਰ ਸਕੇ। ਦਰਅਸਲ 1991 ਤੋਂ ਭਾਰਤ ਵਿੱਚ ਤੇਜ਼ ਰਫਤਾਰ ਨਾਲ ਸਰਮਾਏਦਾਰਾ ਵਿਕਾਸ ਹੋਇਆ ਹੈ, ਸਰਮਾਏਦਾਰਾਂ ਦੇ ਹੱਥ ਪੈਦਾਵਾਰ ਦੇ ਬਹੁਤ ਵਸੀਲੇ ਆ ਗਏ। ਇਸ ਦੇ ਚੱਲਦਿਆਂ ਖੇਤੀ ਵਿੱਚ ਵੀ ਤੇਜ਼ੀ ਨਾਲ ਸਰਮਾਏਦਾਰਾਨਾ ਵਿਕਾਸ ਅਤੇ ਮਸ਼ੀਨੀਕਰਨ ਵਧਿਆ, ਪਰ ਗਰੀਬ ਤੇ ਦਰਮਿਆਨੀ ਕਿਸਾਨੀ ਮਜ਼ਦੂਰਾਂ ਵਿੱਚ ਤਬਦੀਲ ਹੁੰਦੀ ਗਈ ਅਤੇ ਖੇਤੀ ਵਿੱਚ ਰੁਜ਼ਗਾਰ ਘੱਟ ਗਿਆ। ਪੇਂਡੂ ਮਜ਼ਦੂਰ ਆਬਾਦੀ ਦੇ ਸ਼ਹਿਰਾਂ ਵੱਲ ਰੁਖ ਕਰਨ ਨਾਲ ਸ਼ਹਿਰਾਂ ਵਿੱਚ ਵੱਧ ਰਹੀ ਬੇਚੈਨੀ ਨੂੰ ਨੱਥ ਪਾਉਣ ਲਈ ਹਾਕਮ ਜਮਾਤ ਨੇ ਮਗਨਰੇਗਾ ਸਕੀਮ ਦਾ ਰਾਹ ਚੁਣਿਆ ਤਾਂ ਜੋ ਪੇਂਡੂ ਆਬਾਦੀ ਦੇ ਇੱਕ ਹਿੱਸੇ ਨੂੰ ਪਿੰਡਾਂ ਤੱਕ ਸੀਮਤ ਰੱਖ ਕੇ ਕਿਰਤੀਆਂ ਨੂੰ ਪਿੰਡ ਵਿੱਚ ਰੁਜ਼ਗਾਰ ਦੇ ਕੇ ਉਨ੍ਹਾਂ ਦੀ ਬੇਚੈਨੀ ਤੇ ਗੁੱਸੇ ਨੂੰ ਕੁਝ ਸ਼ਾਂਤ ਕੀਤਾ ਜਾ ਸਕੇ। ਇਹ ਸਕੀਮ ਪੇਂਡੂ ਧਨਾਢਾਂ ਮਤਲਬ ਖੇਤੀ ਸਰਮਾਏਦਾਰਾਂ ਦੇ ਵੀ ਹੱਕ ਵਿੱਚ ਸੀ, ਕਿਉਂਕਿ ਇਸ ਦੀ ਮੱਦਦ ਨਾਲ ਪਿੰਡ ਵਿੱਚ ਮਜ਼ਦੂਰਾਂ ਦੀਆਂ ਉਜਰਤਾਂ ਨੂੰ ਹੇਠਾਂ ਰੱਖਣਾ ਜ਼ਰੂਰੀ ਸੀ।




## ਮਗਨਰੇਗਾ ਤੋਂ ਪਿੱਛੇ ਹੱਟਣ ਦੇ ਕਾਰਨ

ਭਾਵੇਂ ਲੋਕਾਂ ਦੇ ਵਿਰੋਧ ਨੂੰ ਸ਼ਾਂਤ ਰੱਖਣ ਲਈ ਮਗਨਰੇਗਾ ਸਕੀਮ ਪੇਂਡੂ ਸਰਮਾਏਦਾਰਾਂ ਲਈ ਜ਼ਰੂਰੀ ਸੀ, ਪਰ ਇਸ ਢਾਂਚੇ ਦੇ ਬੁਨਿਆਦੀ ਕਾਰਕਾਂ ਨੇ ਹੀ ਹਾਕਮ ਜਮਾਤ ਨੂੰ ਮਗਨਰੇਗਾ ਤੋਂ ਹੱਥ ਪਿੱਛੇ ਖਿੱਚਣ ਦਾ ਆਧਾਰ ਵੀ ਤਿਆਰ ਕੀਤਾ। ਸਰਮਾਏਦਾਰਾਨਾ ਪ੍ਰਬੰਧ ਅਧੀਨ ਲੰਬੇ ਸਮੇਂ ਦੌਰਾਨ ਮੁਨਾਫੇ ਦੀ ਦਰ ਦਾ ਘਟਣਾ ਇੱਕ ਨਿਯਮ ਹੈ, ਜਿਸ ਲਈ ਸਰਮਾਏਦਾਰ ਸਰਕਾਰ 'ਤੇ ਖਾਸ ਕਦਮ ਚੁੱਕਣ ਲਈ ਦਬਾਅ ਪਾਉਂਦੇ ਹਨ। ਅਸਲ ਵਿੱਚ ਸਰਮਾਏਦਾਰਾਂ ਵੱਲੋਂ ਹਾਸਿਲ ਕੀਤਾ ਮੁਨਾਫਾ ਇਨ੍ਹਾਂ ਮੁੱਖ ਮੱਦਾਂ 'ਤੇ ਖਰਚ ਹੁੰਦਾ ਹੈ : ਪੈਦਾਵਾਰ ਨੂੰ ਪਿਛਲੇ ਗੇੜ ਨਾਲੋਂ ਵਧਾਉਣ ਲਈ ਮਸ਼ੀਨਾਂ, ਕੱਚੇ ਮਾਲ 'ਤੇ ਹੋਰ ਖਰਚਾ, ਕਿਰਤ ਸ਼ਕਤੀ 'ਤੇ ਉਜਰਤਾਂ ਦੇ ਰੂਪ ਵਿੱਚ ਵਧੇਰੇ ਖਰਚਾ, ਆਪਣੇ ਤੇ ਆਪਣੇ ਪਰਿਵਾਰ 'ਤੇ ਗੈਰ-ਪੈਦਾਵਾਰੀ ਖਰਚ ਕਰਨਾ। ਮੁਨਾਫੇ ਦੀ ਦਰ ਨੂੰ ਡਿੱਗਣ ਤੋਂ ਬਚਾਉਣ ਲਈ ਮਜ਼ਦੂਰਾਂ ਦੀ ਲੁੱਟ ਕਰਕੇ ਉਨ੍ਹਾਂ ਦੀਆਂ ਉਜਰਤਾਂ ਘਟਾਈਆਂ ਜਾਂਦੀਆਂ ਹਨ। ਸਰਕਾਰ ਵੱਲੋਂ ਸਰਮਾਏਦਾਰਾਂ 'ਤੇ ਟੈਕਸ ਘਟਾਉਣ ਲਈ ਲੋਕ ਭਲਾਈ ਸਕੀਮਾਂ 'ਤੇ ਖਰਚ ਘਟਾਇਆ ਜਾਂਦਾ ਹੈ। ਸਰਕਾਰ ਨੂੰ ਸਰਮਾਏਦਾਰਾਂ 'ਤੇ ਟੈਕਸ ਦਾ ਬੋਝ ਘਟਾਉਣਾ ਪੈਂਦਾ ਹੈ, ਕਿਉਂਕਿ ਲੋਕਾਂ ਨੂੰ ਰੁਜ਼ਗਾਰ ਦੇਣ ਵਿੱਚ ਉਨ੍ਹਾਂ ਦੀ ਅਹਿਮ ਭੂਮਿਕਾ ਹੁੰਦੀ ਹੈ। ਕੋਰੋਨਾ ਕਾਲ ਵਿੱਚ ਸਰਕਾਰ ਨੇ ਮਗਨਰੇਗਾ ਦਾ ਬਜਟ 1 ਲੱਖ 11 ਹਜ਼ਾਰ ਕਰੋੜ ਰੁਪਏ ਕਰ ਦਿੱਤਾ ਸੀ, ਪਰ ਸਾਲ 2021 ਵਿੱਚ ਇਸ ਨੂੰ ਘਟਾ ਕੇ 98 ਹਜ਼ਾਰ ਕਰੋੜ ਅਤੇ ਅਗਲੇ ਸਾਲਾਂ ਦੌਰਾਨ ਇਸ ਨੂੰ ਹੋਰ ਘਟਾ ਕੇ 90 ਹਜ਼ਾਰ ਕਰੋੜ, 89 ਹਜ਼ਾਰ ਕਰੋੜ ਅਤੇ 85 ਹਜ਼ਾਰ ਕਰ ਦਿੱਤਾ ਸੀ। ਇਨ੍ਹਾਂ ਬਜਟ ਕੱਟਾਂ ਤੋਂ ਸਪੱਸ਼ਟ ਹੈ ਕਿ ਸਰਕਾਰ ਕਿਵੇਂ ਇਸ ਭਲਾਈ ਸਕੀਮ ਦਾ ਬਜਟ ਲਗਾਤਾਰ ਘਟਾ ਰਹੀ ਸੀ। ਮਗਨਰੇਗਾ ਤਹਿਤ ਸਰਕਾਰ ਦੀ ਗਾਰੰਟੀਸ਼ੁਦਾ ਰੁਜ਼ਗਾਰ ਦੇਣ ਦੀ ਮਜਬੂਰੀ ਬਣੀ ਹੋਈ ਸੀ, ਜਿਸ ਤੋਂ ਖਹਿੜਾ ਛੁਡਾ ਕੇ ਸਰਕਾਰ ਹੋਰ ਖਰਚਾ ਘਟਾਉਣਾ ਚਾਹੁੰਦੀ ਸੀ।

## ਜੀ ਰਾਮ ਜੀ ਦੇ ਨਾਂਅ ਹੇਠ ਕੀਤੇ ਗਏ ਬਦਲਾਅ

ਵੀ. ਬੀ. ਜੀ. ਆਰ. ਐਮ. ਜੀ. ਦਾ ਪੂਰਾ ਨਾਂ 'ਵਿਕਸਿਤ ਭਾਰਤ - ਰੁਜ਼ਗਾਰ ਦੀ ਗਾਰੰਟੀ ਤੇ ਆਜੀਵਿਕਾ ਮਿਸ਼ਨ ਬਿੱਲ 2025' ਹੈ। ਜੀ ਰਾਮ ਜੀ ਤਹਿਤ ਰੁਜ਼ਗਾਰ ਗਾਰੰਟੀਸ਼ੁਦਾ ਨਹੀਂ ਹੈ, ਭਾਵੇਂ ਇਸ ਸਕੀਮ ਤਹਿਤ ਰੁਜ਼ਗਾਰ ਦੇ ਦਿਨਾਂ ਨੂੰ 100 ਤੋਂ ਵਧਾ ਕੇ 125 ਦਿਨ ਕਰ ਦਿੱਤਾ ਗਿਆ ਹੈ, ਪਰ ਇਹ ਇੱਕ ਤਰ੍ਹਾਂ ਨਾਲ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਵਾਲੀ ਗੱਲ ਹੈ। ਜਦੋਂ ਮਗਨਰੇਗਾ ਤਹਿਤ ਕਾਨੂੰਨੀ ਤੌਰ 'ਤੇ ਰੁਜ਼ਗਾਰ ਗਾਰੰਟੀਸ਼ੁਦਾ ਸੀ ਤਾਂ ਪੂਰੇ 100 ਦਿਨ ਰੁਜ਼ਗਾਰ ਬਹੁਤ ਥੋੜ੍ਹੇ ਲੋਕਾਂ ਨੂੰ ਹੀ ਮਿਲਦਾ ਸੀ, ਅਜਿਹੇ ਵਿੱਚ ਰੁਜ਼ਗਾਰ ਮਿਲਣ ਦੀ ਸਿਰਫ ਆਸ ਹੀ ਕੀਤੀ ਜਾ ਸਕਦੀ ਹੈ। ਹੁਣ ਵਿੱਤੀ ਖਰਚ ਦੀ ਵੰਡ 60:40 ਦੇ ਅਨੁਪਾਤ ਵਿੱਚ ਹੋਵੇਗੀ, ਭਾਵ 60 ਫੀਸਦੀ ਫੰਡ ਕੇਂਦਰ ਸਰਕਾਰ ਅਤੇ 40 ਫੀਸਦੀ ਸੂਬਾ ਸਰਕਾਰਾਂ ਦੇਣਗੀਆਂ। ਕੇਂਦਰ ਸਰਕਾਰ ਹਰ ਸਾਲ ਸੂਬਿਆਂ ਲਈ ਵੱਖਰੇ ਤੌਰ 'ਤੇ ਬਜਟ ਜਾਰੀ ਕਰੇਗੀ ਅਤੇ ਕਿਸ ਨੂੰ ਕਿੰਨਾ ਬਜਟ ਕਦੋਂ ਜਾਰੀ ਕਰਨਾ ਹੈ, ਇਹ ਵੀ ਕੇਂਦਰ ਸਰਕਾਰ ਹੀ ਤੈਅ ਕਰੇਗੀ। ਜੋ ਸਿੱਧਾ ਸੂਬਿਆਂ ਦੇ ਕੰਮ ਵਿੱਚ ਦਖਲ-ਅੰਦਾਜ਼ੀ ਵਧਾਉਣ ਦਾ ਹੀ ਤਰੀਕਾ ਹੈ। ਇਸ ਕਾਨੂੰਨ ਦੀ 4 ਧਾਰਾ 6(2) ਦੇ ਅਨੁਸਾਰ ਫ਼ਸਲਾਂ ਦੀ ਬਿਜਾਈ ਤੇ ਕਟਾਈ (ਖੇਤੀਬਾੜੀ ਸੀਜ਼ਨ) ਦੇ ਦਿਨਾਂ ਦੌਰਾਨ ਇਸ ਸਕੀਮ ਤਹਿਤ ਕਿਸੇ ਨੂੰ ਕੋਈ ਕੰਮ ਨਹੀਂ ਦਿੱਤਾ ਜਾਵੇਗਾ। ਇਸ ਤੋਂ ਸਪੱਸ਼ਟ ਹੈ ਕਿ ਦੋਹਾਂ ਸਕੀਮਾਂ ਵਿੱਚ ਸਿਰਫ ਨਾਂਅ ਦਾ ਹੀ ਫਰਕ ਨਹੀਂ ਹੈ, ਸਗੋਂ ਕੇਂਦਰੀਕਰਨ ਦੇ ਏਜੰਡੇ ਤਹਿਤ ਮੁੱਖ ਟੀਚਾ ਲੋਕ ਭਲਾਈ ਸਕੀਮਾਂ 'ਤੇ ਖਰਚ ਹੋਣ ਵਾਲੇ ਬਜਟ ਨੂੰ ਬਚਾਉਣਾ ਅਤੇ ਲੋਕਾਂ ਪ੍ਰਤੀ ਬਣਦੀ ਆਪਣੀ ਜ਼ਿੰਮੇਵਾਰੀ ਤੋਂ ਭੱਜਣਾ ਹੈ। ਨਵ-ਉਦਾਰਵਾਦੀ ਨੀਤੀਆਂ ਤਹਿਤ ਲੋਕ ਭਲਾਈ ਸਕੀਮਾਂ 'ਤੇ ਕੱਟ ਲਾਉਣ ਵਿੱਚ ਸੂਬਾ ਸਰਕਾਰਾਂ ਵੀ ਕੇਂਦਰ ਸਰਕਾਰਾਂ ਦੇ ਰਾਹ 'ਤੇ ਹੀ ਚੱਲ ਰਹੀਆਂ ਹਨ। ਮਜ਼ਦੂਰਾਂ ਦੇ ਵਿਰੋਧ ਦਾ ਫੌਰੀ ਟੀਚਾ ਮਗਨਰੇਗਾ ਤਹਿਤ ਮਿਲੇ ਰੁਜ਼ਗਾਰ ਦੇ ਸੀਮਤ ਹੱਕ ਨੂੰ ਬਹਾਲ ਕਰਾਉਣਾ ਤੇ ਮਗਨਰੇਗਾ ਨੂੰ ਉਸ ਦੇ ਪਹਿਲੇ ਅਸਰ ਰੂਪ ਵਿੱਚ ਲਾਗੂ ਕਰਵਾਉਣਾ ਹੋਣਾ ਚਾਹੀਦਾ ਹੈ। ਉਹ ਆਪਣੇ ਏਕੇ ਰਾਹੀਂ ਸਰਕਾਰ ਅੱਗੇ ਮਜ਼ਬੂਤੀ ਨਾਲ ਸਭ ਲਈ ਰੁਜ਼ਗਾਰ ਨਹੀਂ ਤਾਂ ਬੇਰੁਜ਼ਗਾਰੀ ਭੱਤੇ ਦੀ ਮੰਗ ਨੂੰ ਉਭਾਰ ਸਕਦੇ ਹਨ। ਪਰ ਇਹ ਸਭ ਵੱਡੇ ਕਿਰਤੀ ਵਰਗ ਦੇ ਏਕੇ ਨਾਲ ਹੀ ਸੰਭਵ ਹੋ ਸਕੇਗਾ।

# ਭਾਰਤ-ਅਮਰੀਕਾ ਡੀਲ ਨਾਲ ਕਿਸਾਨੀ ਦਾ ਸੰਕਟ ਹੋਰ ਡੂੰਘਾ ਹੋ ਜਾਵੇਗਾ





ਯੋਗੇਂਦਰ ਯਾਦਵ

ਜਿਸ ਦਾ ਡਰ ਸੀ ਉਹੀ ਹੋਇਆ। ਇਨ੍ਹਾਂ ਸਤਰਾਂ ਦਾ ਲੇਖਕ ਪਿਛਲੇ ਕੁੱਝ ਸਮੇਂ ਤੋਂ ਵਾਰ-ਵਾਰ ਇਹ ਸੁਚੇਤ ਕਰਦਾ ਰਿਹਾ ਹੈ ਕਿ ਭਾਵੇਂ ਮੋਦੀ ਸਰਕਾਰ ਕੁੱਝ ਵੀ ਕਹੇ, ਟਰੰਪ ਇਸ ਵਿੱਚ ਕਾਮਯਾਬ ਹੋਣਗੇ ਕਿ ਉਹ ਭਾਰਤ ਸਰਕਾਰ ਨੂੰ ਟ੍ਰੇਡ ਡੀਲ 'ਤੇ ਮਜ਼ਬੂਰ ਕਰੇ। ਪ੍ਰਚਾਰ ਜੋ ਵੀ ਹੋਵੇ, ਇਸ ਡੀਲ ਵਿੱਚ ਖੇਤੀ ਨੂੰ ਸ਼ਾਮਲ ਕੀਤਾ ਜਾਵੇਗਾ। ਪਿਛਲੇ ਕਈ ਮਹੀਨਿਆਂ ਤੋਂ ਦਰਬਾਰੀ ਮੀਡੀਆ ਫੈਲਾਅ ਰਿਹਾ ਸੀ ਕਿ ਮੋਦੀ ਨੇ ਅਮਰੀਕਾ ਦੇ ਸਾਹਮਣੇ ਝੁਕਣ ਤੋਂ ਇਨਕਾਰ ਕਰ ਦਿੱਤਾ। ਅਗਸਤ ਵਿੱਚ ਪ੍ਰਧਾਨ ਮੰਤਰੀ ਨੇ ਛਾਤੀ ਠੋਕ ਕੇ ਕਿਹਾ ਸੀ ਕਿ ਕਿਸਾਨ, ਪਸ਼ੂ ਪਾਲਕ ਅਤੇ ਮਛੇਰੇ ਉਨ੍ਹਾਂ ਦੀ ਸਰਵਉੱਚ ਪਹਿਲ ਹੈ, ਉਨ੍ਹਾਂ ਦੇ ਹਿੱਤਾਂ ਨਾਲ ਕੋਈ ਸਮਝੌਤਾ ਨਹੀਂ ਹੋਵੇਗਾ। ਯੂਰਪੀ ਯੂਨੀਅਨ ਨਾਲ ਹੋਏ ਵਪਾਰ ਸਮਝੌਤੇ ਵਿੱਚ ਖੇਤੀ ਨੂੰ ਬਾਹਰ ਰੱਖਣ 'ਤੇ ਵੀ ਇਹੀ ਪ੍ਰਚਾਰ ਹੋਇਆ ਕਿ ਮੋਦੀ ਕਿਸਾਨ ਦੇ ਹਿੱਤਾਂ ਦੀ ਰੱਖਿਆ ਕਰ ਰਹੇ ਹਨ।

ਇਸ ਲਈ ਉਹੀ ਹੋਇਆ ਜੋ ਹੋਣਾ ਸੀ। ਭਾਰਤ-ਪਾਕਿਸਤਾਨ ਵਿੱਚ ਯੁੱਧ ਵਿਰਾਮ ਵਾਂਗ ਇਸ ਵਾਰ ਵੀ ਭਾਰਤ ਦੀ ਜਨਤਾ ਨੂੰ ਪਹਿਲੀ ਸੂਚਨਾ ਅਮਰੀਕੀ ਰਾਸ਼ਟਰਪਤੀ ਟਰੰਪ ਤੋਂ ਮਿਲੀ। ਅਜੇ ਪ੍ਰਧਾਨ ਮੰਤਰੀ ਨੇ ਮੂੰਹ ਨਹੀਂ ਖੋਲ੍ਹਿਆ ਹੈ ਅਤੇ ਵਣਜ ਮੰਤਰੀ ਅਤੇ ਖੇਤੀਬਾੜੀ ਮੰਤਰੀ ਦੇ ਬਿਆਨ ਲੀਪਾ-ਪੋਚੀ ਵਾਲੇ ਹੀ ਹਨ ਪਰ ਟਰੰਪ ਦਾ ਬਿਆਨ ਸਾਫ਼ ਤੌਰ 'ਤੇ ਜ਼ਿਕਰ ਕਰਦਾ ਹੈ ਕਿ ਡੀਲ ਵਿੱਚ ਖੇਤੀ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਦੀ ਪੁਸ਼ਟੀ ਅਮਰੀਕਾ ਦੀ ਖੇਤੀ ਮੰਤਰੀ (ਉੱਥੇ ਖੇਤੀ ਸਕੱਤਰ) ਬਰੁਕ ਰੋਲਿੰਸ ਦੇ ਬਿਆਨ ਨਾਲ ਹੋਈ ਸੀ। ਉਨ੍ਹਾਂ ਨੇ ਅਮਰੀਕਾ ਦੇ ਕਿਸਾਨਾਂ ਨੂੰ ਵਧਾਈ ਦਿੰਦੇ ਹੋਏ ਲਿਖਿਆ ਹੈ ਕਿ ਰਾਸ਼ਟਰਪਤੀ ਟਰੰਪ ਨੇ ਹੁਣ ਉਨ੍ਹਾਂ ਦੀਆਂ ਫ਼ਸਲਾਂ ਲਈ ਭਾਰਤ ਦੀਆਂ ਮੰਡੀਆਂ ਦੇ ਦਰਵਾਜ਼ੇ ਖੋਲ੍ਹ ਦਿੱਤੇ ਹਨ।



ਜ਼ਰੂਰ ਹੁਣ ਭਾਰਤ ਸਰਕਾਰ ਵੱਲੋਂ ਲੀਪਾਪੋਤੀ ਦੀ ਕੋਸ਼ਿਸ਼ ਸ਼ੁਰੂ ਹੋ ਜਾਵੇਗੀ ਪਰ ਦਰਬਾਰੀ ਮੀਡੀਆ ਦੇ ਪ੍ਰਚਾਰ ਵਿੱਚ ਆਉਣ ਤੋਂ ਪਹਿਲਾਂ ਕੁੱਝ ਬੁਨਿਆਦੀ ਤੱਥਾਂ 'ਤੇ ਗੌਰ ਕਰਨਾ ਬਿਹਤਰ ਹੋਵੇਗਾ। ਪਿਛਲੇ ਕਈ ਦਹਾਕਿਆਂ ਤੋਂ ਸੱਤਾ ਵਿੱਚ ਭਾਵੇਂ ਜੋ ਵੀ ਦਲ ਹੋਵੇ, ਭਾਰਤ ਸਰਕਾਰ ਦੀ ਨੀਤੀ ਇਹ ਰਹੀ ਹੈ ਕਿ ਖੇਤੀ ਨੂੰ ਕੌਮਾਂਤਰੀ ਵਪਾਰ ਸਮਝੌਤਿਆਂ ਤੋਂ ਬਾਹਰ ਰੱਖਿਆ ਜਾਵੇਗਾ ਤਾਂ ਕਿ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਕੀਤੀ ਜਾ ਸਕੇ। ਭਾਰਤ ਦੇ ਕਿਸਾਨਾਂ ਨੂੰ ਵਿਦੇਸ਼ੀ ਵਪਾਰ ਤੋਂ ਖਤਰਾ ਇਸ ਲਈ ਨਹੀਂ ਹੈ ਕਿ ਭਾਰਤ ਦਾ ਕਿਸਾਨ ਨਿਕੰਮਾ ਜਾਂ ਅਸਮਰੱਥ ਹੈ। ਦਰਅਸਲ ਦੁਨੀਆ ਦੇ ਸਾਰੇ ਵੱਡੇ ਖੇਤੀ ਉਤਪਾਦਕ ਦੇਸ਼ ਆਪਣੇ ਕਿਸਾਨਾਂ ਨੂੰ ਭਾਰੀ ਸਬਸਿਡੀ ਦਿੰਦੇ ਹਨ ਜਿਸ ਕਾਰਨ ਉਹ ਵਿਸ਼ਵ ਬਾਜ਼ਾਰ ਵਿੱਚ ਆਪਣਾ ਮਾਲ ਸਸਤਾ ਵੇਚ ਸਕਦੇ ਹਨ। ਇਸ ਦੇ ਉਲਟ ਭਾਰਤ ਸਰਕਾਰ ਕਿਸਾਨਾਂ ਨੂੰ ਜਿੰਨਾ ਦਿੰਦੀ ਹੈ ਉਸ ਤੋਂ ਵੱਧ ਉਨ੍ਹਾਂ ਦੀ ਜੇਬ ਵਿੱਚੋਂ ਕੱਢ ਲੈਂਦੀ ਹੈ।

ਤਕਨੀਕੀ ਭਾਸ਼ਾ ਵਿੱਚ ਕਹੀਏ ਤਾਂ ਭਾਰਤ ਵਿੱਚ ਕਿਸਾਨਾਂ ਨੂੰ 'ਨਾਂਹਪੱਖੀ ਸਬਸਿਡੀ' ਮਿਲਦੀ ਹੈ। ਇਸ ਲਈ ਜਿਹੜੀਆਂ ਫ਼ਸਲਾਂ ਦੀ ਭਾਰਤ ਵਿੱਚ ਲੋੜੀਂਦੀ ਪੈਦਾਵਾਰ ਹੁੰਦੀ ਹੈ ਉਨ੍ਹਾਂ 'ਤੇ ਦਰਾਮਦ ਡਿਊਟੀ ਲਗਾ ਕੇ ਭਾਰਤ ਸਰਕਾਰ ਕਿਸਾਨਾਂ ਨੂੰ ਵਿਦੇਸ਼ੀ ਮਾਲ ਦੇ ਹਮਲੇ ਤੋਂ ਬਚਾਉਂਦੀ ਹੈ। ਇਸੇ ਨੀਤੀ ਕਾਰਨ ਪਿਛਲੇ ਸਾਲਾਂ ਵਿੱਚ ਜਿੰਨੇ ਵੀ ਵਿਦੇਸ਼ੀ ਵਪਾਰ ਸਮਝੌਤੇ ਹੋਏ, ਉਨ੍ਹਾਂ ਵਿੱਚੋਂ ਖੇਤੀ ਉਤਪਾਦਾਂ ਨੂੰ ਬਾਹਰ ਰੱਖਿਆ ਗਿਆ। ਹਾਲਾਂਕਿ ਯੂਰਪੀ ਯੂਨੀਅਨ ਦੇ ਨਾਲ ਤਜਵੀਜ਼ਤ ਸਮਝੌਤੇ ਵਿੱਚ ਪ੍ਰੋਸੈਸਡ ਫੂਡ ਨੂੰ ਤਾਂ ਇਜਾਜ਼ਤ ਦਿੱਤੀ ਗਈ ਹੈ ਜਿਸ ਦਾ ਅਸਰ ਆਖਿਰ ਸਾਡੇ ਕਿਸਾਨਾਂ 'ਤੇ ਹੋ ਸਕਦਾ ਹੈ।

ਟਰੰਪ ਨੇ ਭਾਰਤ ਸਰਕਾਰ ਨੂੰ ਇਸ ਨੀਤੀ ਨੂੰ ਪਲਟਣ ਲਈ ਮਜ਼ਬੂਰ ਕਰ ਲਿਆ ਹੈ। ਸ਼ੁਰੂ ਤੋਂ ਹੀ ਅਮਰੀਕਾ ਦੇ ਬੁਲਾਰਿਆਂ ਦੀ ਨਜ਼ਰ ਭਾਰਤ ਦੇ ਖੇਤੀ ਪਦਾਰਥਾਂ ਦੇ ਬਾਜ਼ਾਰ 'ਤੇ ਸੀ। ਅਮਰੀਕੀ ਦੁਨੀਆ ਭਰ ਵਿੱਚ ਮੱਕਾ, ਸੋਇਆਬੀਨ ਅਤੇ ਕਪਾਹ ਦੇ ਸਭ ਤੋਂ ਵੱਡੇ ਉਤਪਾਦਕਾਂ ਵਿੱਚ ਹੈ। ਪਿਛਲੇ ਕੁੱਝ ਸਾਲਾਂ ਵਿੱਚ ਉਸ ਦਾ ਉਤਪਾਦਨ ਤਾਂ ਵਧਿਆ ਹੈ ਪਰ ਚੀਨ ਨੇ ਮੱਕਾ ਅਤੇ ਸੋਇਆਬੀਨ ਦੀ ਖਰੀਦ ਘਟਾ ਦਿੱਤੀ ਹੈ।


ਪਿਛਲੇ ਸਾਲ ਅਮਰੀਕਾ ਦੇ ਵਣਜ ਵਿਭਾਗ ਦੀ ਇੱਕ ਰਿਪੋਰਟ ਨੇ ਇਸ ਫਾਲਤੂ ਪੈਦਾਵਾਰ ਦੀ ਖਪਤ ਲਈ ਭਾਰਤ ਨੂੰ ਇੱਕ ਵੱਡੇ ਸਰੋਤ ਵਜੋਂ ਦਰਸਾਇਆ ਸੀ। ਉਨ੍ਹਾਂ ਲਈ ਅੜਿੱਕਾ ਇਹ ਸੀ ਕਿ ਭਾਰਤ ਦੀ ਦਰਾਮਦ ਡਿਊਟੀ ਬੜੀ ਜ਼ਿਆਦਾ ਸੀ ਅਤੇ ਅਮਰੀਕਾ ਦਾ ਵਧੇਰੇ ਮੱਕਾ ਅਤੇ ਸੋਇਆਬੀਨ ਜੈਨੇਟਿਕਲੀ ਮੋਡੀਫਾਈਡ (ਜੀ. ਐੱਮ.) ਹੈ ਜਿਸ 'ਤੇ ਭਾਰਤ ਵਿੱਚ ਪਾਬੰਦੀ ਹੈ। ਅਮਰੀਕਾ ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥ ਵੀ ਭਾਰਤ ਨੂੰ ਵੇਚਣਾ ਚਾਹੁੰਦਾ ਹੈ ਪਰ ਇਥੇ ਵੀ ਡਿਊਟੀ ਤੋਂ ਇਲਾਵਾ ਭਾਰਤ ਦੀ ਇਹ ਸ਼ਰਤ ਹੈ ਕਿ ਦੁੱਧ ਕਿਸ ਜਾਨਵਰ ਦਾ ਹੋਵੇ, ਉਸ ਨੂੰ ਮਾਸਾਹਾਰੀ ਪਦਾਰਥ ਨਾ ਖੁਆਏ ਗਏ ਹੋਣ। ਅਮਰੀਕਾ ਇਨ੍ਹਾਂ ਸਾਰੀਆਂ ਸ਼ਰਤਾਂ ਤੋਂ ਮੁਕਤੀ ਚਾਹੁੰਦਾ ਸੀ।

ਭਾਰਤ ਸਰਕਾਰ ਦੇ ਅਨੁਸਾਰ ਹੁਣ ਤੱਕ ਸਮਝੌਤਿਆਂ ਦੀ ਵਿਵਸਥਾ ਅੰਤਿਮ ਤੌਰ 'ਤੇ ਤੈਅ ਨਹੀਂ ਹੋਈ ਹੈ, ਇਸ ਲਈ ਇਹ ਕਹਿਣਾ ਔਖਾ ਹੈ ਕਿ ਭਾਰਤ ਸਰਕਾਰ ਨੇ ਇਨ੍ਹਾਂ ਵਿੱਚੋਂ ਕਿਹੜੀਆਂ-ਕਿਹੜੀਆਂ ਸ਼ਰਤਾ ਮੰਨ ਲਈਆਂ ਹਨ ਪਰ ਇੰਨਾ ਤੈਅ ਹੈ ਕਿ ਖੇਤੀਬਾੜੀ ਨੂੰ ਸ਼ਾਮਲ ਨਾ ਕਰਵਾਉਣ ਦੇ ਸੰਕਲਪ ਤੋਂ ਮੋਦੀ ਸਰਕਾਰ ਪਿੱਛੇ ਹਟੀ ਹੈ। ਇਹ ਵੀ ਤੈਅ ਹੈ ਕਿ ਬਾਦਾਮ, ਪਿਸ਼ਤਾ ਅਤੇ ਸੇਬ ਵਰਗੀਆਂ ਫ਼ਸਲਾਂ ਦੀ ਵੱਡੇ ਪੱਧਰ 'ਤੇ ਦਰਾਮਦ ਘੱਟ ਜਾਵੇਗੀ ਅਤੇ ਇਨ੍ਹਾਂ ਦਾ ਉਤਪਾਦਨ ਕਰਨ ਵਾਲੇ ਕਿਸਾਨਾਂ ਨੂੰ ਝਟਕਾ ਲੱਗੇਗਾ।

ਮੋਟੇ ਤੌਰ 'ਤੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਇਸ ਦੀ ਪਹਿਲੀ ਮਾਰ ਮੱਕਾ, ਸੋਇਆਬੀਨ ਅਤੇ ਗੰਨਾ ਬੀਜਣ ਵਾਲੇ ਕਿਸਾਨ 'ਤੇ ਪਵੇਗੀ। ਪਿਛਲੇ ਕੁੱਝ ਸਾਲਾਂ ਵਿੱਚ ਦੇਸ਼ ਵਿੱਚ ਮੱਕਾ ਅਤੇ ਸੋਇਆਬੀਨ ਦੀ ਪੈਦਾਵਾਰ ਵਧੀ ਹੈ ਅਤੇ ਕਿਸਾਨਾਂ ਨੂੰ ਉਸ ਦਾ ਭਾਅ ਵੀ ਚੰਗਾ ਮਿਲਿਆ ਹੈ। ਅਮਰੀਕਾ ਦਾ ਸਸਤਾ ਮੱਕਾ ਅਤੇ ਸੋਇਆਬੀਨ ਦਰਾਮਦ ਹੋਣ ਨਾਲ ਭਾਰਤੀ ਬਾਜ਼ਾਰ ਵਿੱਚ ਉਸ ਦਾ ਭਾਅ ਡਿੱਗੇਗਾ। ਅਜਿਹਾ ਕਪਾਹ ਦੇ ਨਾਲ ਸ਼ਾਇਦ ਨਾ ਹੋਵੇ ਕਿਉਂਕਿ ਪਿਛਲੇ ਕੁੱਝ ਸਾਲਾਂ ਤੋਂ ਕਪਾਹ ਦੀ ਪੈਦਾਵਾਰ ਘਟੀ ਹੈ ਅਤੇ ਸਾਨੂੰ ਕਪਾਹ ਵਿਦੇਸ਼ ਤੋਂ ਦਰਾਮਦ ਕਰਨੀ ਪੈਂਦੀ ਹੈ ਪਰ ਇਸ ਦਾ ਅਪ੍ਰਤੱਖ ਨੁਕਸਾਨ ਗੰਨੇ ਵਾਲੇ ਕਿਸਾਨਾਂ ਨੂੰ ਹੋਵੇਗਾ। ਸੰਭਾਵਨਾ ਇਹ ਹੈ ਕਿ ਮੱਕਾ ਅਤੇ ਸੋਇਆਬੀਨ ਵਿੱਚ ਜੀ. ਐੱਮ. ਫ਼ਸਲਾਂ 'ਤੇ ਲੱਗੀ ਪਾਬੰਦੀ ਤੋਂ ਬਚਣ ਲਈ ਸਰਕਾਰ ਇਨ੍ਹਾਂ ਦਾ ਤੇਲ ਐਥਨੌਲ ਵਿੱਚ ਵਰਤੋਂ ਕਰਨ ਦੀ ਇਜਾਜ਼ਤ ਦੇ ਸਕਦੀ ਹੈ। ਫਿਲਹਾਲ ਦੇਸ਼ ਵਿੱਚ ਗੰਨੇ ਦੀ ਬਹੁਤਾਤ ਹੈ ਅਤੇ ਗੰਨਾ ਮਿੱਠਾ ਐਥਨੌਲ ਬਣਾ ਕੇ ਕਿਸਾਨਾਂ ਦੇ ਗੰਨੇ ਨੂੰ ਖ਼ਰੀਦ ਰਹੀਆਂ ਹਨ। ਜੇਕਰ ਐਥਨੌਲ ਅਮਰੀਕਾ ਤੋਂ ਆਉਣ ਲੱਗਾ ਤਾਂ ਗੰਨਾ ਮਿੱਲਾਂ ਅਤੇ ਗੰਨਾ ਕਿਸਾਨ ਦੋਵੇਂ ਸੰਕਟ ਵਿੱਚ ਫਸ ਜਾਣਗੇ। ਅਜੇ ਡੇਅਰੀ ਬਾਰੇ ਕੋਈ ਸਪੱਸ਼ਟ ਨਹੀਂ ਹੈ ਪਰ ਜੇਕਰ ਉਸ ਤੋਂ ਡਿਊਟੀ ਅਤੇ ਪਾਬੰਦੀ ਹਟਾ ਦਿੱਤੀ ਜਾਂਦੀ ਹੈ ਤਾਂ ਭਾਰਤ ਦੇ ਪਸ਼ੂ ਪਾਲਕਾਂ ਲਈ ਭਾਰੀ ਸੰਕਟ ਖੜ੍ਹਾ ਹੋ ਜਾਵੇਗਾ।

ਬਾਹਰੋਂ ਆਏ ਇਸ ਸੰਕਟ ਨੂੰ ਅੰਦਰਲੀ ਬੇਰੁਖੀ ਨਾਲ ਜੋੜਨ 'ਤੇ ਪੂਰੀ ਤਸਵੀਰ ਸਾਹਮਣੇ ਆਉਂਦੀ ਹੈ। ਨਵੇਂ ਬਜਟ ਵਿੱਚ ਵਿੱਤ ਮੰਤਰੀ ਨੇ ਕਿਸਾਨ ਦਾ ਨਾਂ ਲੈਣਾ ਵੀ ਜ਼ਰੂਰੀ ਨਹੀਂ ਸਮਝਿਆ। ਖਾਨਾਪੂਰਤੀ ਲਈ ਜਿਹੜੀਆਂ ਯੋਜਨਾਵਾਂ ਦਾ ਐਲਾਨ ਕੀਤਾ ਜਾਂਦਾ ਸੀ ਉਹ ਵੀ ਨਹੀਂ ਕੀਤੀਆਂ। ਖੇਤੀ ਅਤੇ ਉਸ ਨਾਲ ਜੁੜੀਆਂ ਸਾਰੀਆਂ ਮਦਾਂ 'ਤੇ ਖਰਚੇ ਦਾ ਅਨੁਪਾਤ 2019 ਦੇ ਬਾਅਦ ਤੋਂ ਲਗਾਤਾਰ ਘਟਦਾ ਰਿਹਾ ਹੈ, ਇਸ ਸਾਲ 3.38 ਫ਼ੀਸਦੀ ਤੋਂ ਘਟਾ ਕੇ 3.04 ਫ਼ੀਸਦੀ ਕਰ ਦਿੱਤਾ ਗਿਆ।

ਇਹੀ ਨਹੀਂ, ਪਿਛਲੇ ਸਾਲ ਜਿਹੜੇ 6 ਵਿਸ਼ੇਸ਼ ਮਿਸ਼ਨਾਂ ਦਾ ਐਲਾਨ ਕੀਤਾ ਗਿਆ ਸੀ, ਉਨ੍ਹਾਂ ਲਈ ਬਜਟ ਵਿੱਚ ਇੱਕ ਪੈਸਾ ਵੀ ਨਹੀਂ ਦਿੱਤਾ ਗਿਆ। ਉੱਪਰੋਂ ਯੂਰੀਆ ਦੀ ਸਬਸਿਡੀ ਕੱਟਣ ਦੀ ਤਿਆਰੀ ਕਰ ਲਈ ਗਈ ਹੈ ਪਰ ਖੇਤੀ ਕਿਸਾਨੀ ਦੇ ਲੰਬੇ ਸਮੇਂ ਦੇ ਸੰਕਟ ਨਾਲ ਨਜਿੱਠਣ ਲਈ ਕੋਈ ਯੋਜਨਾ ਨਹੀਂ ਬਣਾਈ ਗਈ। ਕੁੱਲ ਮਿਲਾ ਕੇ ਸਰਕਾਰ ਨੇ ਕਿਸਾਨਾਂ ਨੂੰ ਰੱਬ ਦੇ ਭਰੋਸੇ ਛੱਡਣ ਲਈ ਪੱਕੀ ਧਾਰ ਲਈ ਹੈ। ਹੁਣ ਦੇਖਣਾ ਹੈ ਕਿ ਕਿਸਾਨ ਅਤੇ ਕਿਸਾਨ ਸੰਗਠਨ ਇਸ ਚੁਣੌਤੀ ਨੂੰ ਕਿਵੇਂ ਲੈਂਦੇ ਹਨ।



# ਬਨਸਪਤਿ ਮਉਲੀ ਚੜਿਆ ਬਸੰਤੁ

**ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ ।**

ਬਹਾਦਰ ਵੀਰ ਹਕੀਕਤ ਰਾਏ ਦੀ ਸ਼ਹਾਦਤ ਦਾ ਸੰਬੰਧ ਇਸੇ ਦਿਨ ਨਾਲ ਹੈ । ਸਿਆਲਕੋਟ ਦੇ ਮਦਰੱਸੇ ਜਿੱਥੇ ਹਕੀਕਤ ਰਾਏ ਪੜ੍ਹਾਈ ਕਰ ਰਿਹਾ ਸੀ, ਉਸ ਵਿੱਚ ਮੁਸਲਮਾਨ ਵਿਦਿਆਰਥੀਆਂ ਦਾ ਬਹੁਤ ਬੋਲਬਾਲਾ ਸੀ । ਇੱਕ ਦਿਨ ਮਦਰੱਸੇ ਦੇ ਮੁਸਲਮਾਨ ਵਿਦਿਆਰਥੀਆਂ ਨੇ ਹਿੰਦੂ ਧਰਮ ਦੀ ਪੂਜਨੀਕ ਦੇਵੀ ਮਾਂ ਦੁਰਗਾ ਬਾਰੇ ਅਪਸ਼ਬਦ ਕਹੇ । ਵੀਰ ਹਕੀਕਤ ਰਾਏ ਧਰਮ ਦਾ ਅਪਮਾਨ ਸਹਿਣ ਨਾ ਕਰ ਸਕਿਆ । ਉਸਨੇ ਮੁਸਲਮਾਨ ਵਿਦਿਆਰਥੀਆਂ ਨੂੰ ਸਮਝਾਇਆ ਕਿ ਹਿੰਦੂ ਧਰਮ ਵਿੱਚ ਮਾਂ ਦੁਰਗਾ ਉਸੇ ਤਰ੍ਹਾਂ ਸਤਿਕਾਰ ਯੋਗ ਹੈ ਜਿਵੇਂ ਮੁਸਲਿਮ ਧਰਮ ਵਿੱਚ ਹਜ਼ਰਤ ਮੁਹੰਮਦ ਸਾਹਿਬ ਦੀ ਪੁੱਤਰੀ ਬੀਬੀ ਫ਼ਾਤਿਮਾ ਹੈ । ਮੁਸਲਮਾਨ ਵਿਦਿਆਰਥੀਆਂ ਨੇ ਹਕੀਕਤ ਰਾਏ ਦੀ ਸ਼ਿਕਾਇਤ ਮੌਲਵੀ ਅਤੇ ਕਾਜ਼ੀ ਪਾਸ ਕਰ ਦਿੱਤੀ ਕਿ ਇਸਨੇ ਬੀਬੀ ਫ਼ਾਤਿਮਾ ਦਾ ਨਿਰਾਦਰ ਕੀਤਾ ਹੈ । ਕਾਜੀ ਨੇ ਹਕੀਕਤ ਰਾਏ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ ।

ਮਹਾਰਾਜਾ ਰਣਜੀਤ ਸਿੰਘ ਆਪਣੇ ਲਾਹੌਰ ਦਰਬਾਰ ਵਿੱਚ ਬਸੰਤ ਪੰਚਮੀ ਵਾਲੇ ਦਿਨ ਵਿਸ਼ੇਸ਼ ਦਰਬਾਰ ਸਜਾਉਂਦੇ ਸਨ, ਜਿਸ ਵਿੱਚ ਸਾਰੇ ਦਰਬਾਰੀ ਪੀਲੇ ਕੱਪੜੇ ਪਹਿਨ ਕੇ ਹਾਜ਼ਰ ਹੁੰਦੇ ਸਨ । ਮਹਾਰਾਜਾ ਰਣਜੀਤ ਸਿੰਘ ਦੇ ਬਹਾਦਰ ਸਿੰਘ ਜਰਨੈਲ ਸ਼ਾਮ ਸਿੰਘ ਅਟਾਰੀ ਵਾਲੇ ਨੇ ਮਹਾਰਾਜੇ ਦੀਆਂ ਬਹੁਤ ਸਾਰੀਆਂ ਮੁਹਿੰਮਾਂ ਵਿੱਚ ਸਰਗਰਮੀ ਨਾਲ ਹਿੱਸਾ ਲਿਆ । ਅੰਗਰੇਜ਼-ਸਿੱਖਾਂ ਦੀ ਦੂਸਰੀ ਲੜਾਈ ਦੌਰਾਨ ਖਾਲਸਾ ਰਾਜ ਦੀ ਰਾਖੀ ਲਈ 10 ਫ਼ਰਵਰੀ, 1846 ਨੂੰ ਬਸੰਤ ਪੰਚਮੀ ਵਾਲੇ ਦਿਨ ਬਹਾਦਰ ਜਰਨੈਲ ਸ਼ਾਮ ਸਿੰਘ ਅਟਾਰੀ ਨੇ ਸਭਰਾਵਾਂ ਦੇ ਮੈਦਾਨ ਵਿੱਚ ਸ਼ਹੀਦੀ ਪ੍ਰਾਪਤ ਕੀਤੀ । ਨਾਮਧਾਰੀ ਸੰਪਰਦਾਇ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ਵੀ ਭੈਣੀ ਅਰਾਈਆਂ ਜ਼ਿਲ੍ਹਾ ਲੁਧਿਆਣਾ ਵਿਖੇ 3 ਫ਼ਰਵਰੀ, 1816 ਈਸਵੀ ਨੂੰ ਬਸੰਤ ਪੰਚਮੀ ਵਾਲੇ ਦਿਨ ਸਰਦਾਰ ਜੱਸਾ ਸਿੰਘ ਦੇ ਘਰ ਹੋਇਆ । ਬਾਬਾ ਰਾਮ ਸਿੰਘ ਜੀ ਨਿਡਰ ਦੇਸ਼ ਭਗਤ ਸਨ । ਉਹਨਾਂ ਦੇ ਦੇਖਰੇਖ ਹੇਠ ਨਾਮਧਾਰੀ ਸੰਪਰਦਾਇ ਦਾ ਬਹੁਤ ਵਿਕਾਸ ਹੋਇਆ । ਉਨ੍ਹਾਂ ਨੇ ਮਹਾਤਮਾ ਗਾਂਧੀ ਜੀ ਤੋਂ ਬਹੁਤ ਚਿਰ ਪਹਿਲਾਂ ਅੰਗਰੇਜ਼ੀ ਸਰਕਾਰ ਵਿਰੁੱਧ ਨਾ-ਮਿਲਵਰਤਨ ਦਾ ਮੁੱਢ ਬੰਨ੍ਹਿਆ ਸੀ । 1873 ਵਿੱਚ ਬਸੰਤ ਪੰਚਮੀ ਵਾਲੇ ਦਿਨ ਹੀ ਬਾਬਾ ਜੀ ਨੂੰ ਜਲਾਵਤਨ ਕਰਕੇ ਬਰਮਾ ਵਿਖੇ ਭੇਜਿਆ ਗਿਆ ।

ਮਹਾਤਮਾ ਮਦਨ ਮੋਹਨ ਮਾਲਵੀਆ ਉਹ ਮਹਾਨ ਦੇਸ਼ ਭਗਤ ਸਨ । ਜਿਹਨਾਂ ਨੇ ਰਾਜਨੀਤੀ ਦੇ ਖੇਤਰ ਵਿੱਚ ਕਾਫੀ ਨਾਮਣਾ ਖੱਟਿਆ । ਪਰ ਉਨ੍ਹਾਂ ਮੋਹਨ ਮਾਲਵੀਆ ਜੀ ਦੇ ਜੀਵਨ ਦਾ ਸਭ ਤੋਂ ਅਹਿਮ ਕੰਮ ਬਨਾਰਸ ਹਿੰਦੂ ਯੂਨੀਵਰਸਿਟੀ ਦੀ ਸਥਾਪਨਾ ਸੀ । ਉਹਨਾਂ 4 ਫ਼ਰਵਰੀ, 1916 ਨੂੰ ਬਸੰਤ ਪੰਚਮੀ ਵਾਲੇ ਦਿਨ ਭਾਰਤ ਦੇ ਵਾਇਸਰਾਏ ਲਾਰਡ ਨੂੰ ਹਾਰਡਿੰਗ ਤੋਂ ਬਨਾਰਸ ਹਿੰਦੂ ਯੂਨੀਵਰਸਿਟੀ ਦੀ ਨੀਂਹ ਰਖਵਾਈ । ਬਨਾਰਸ ਹਿੰਦੂ ਯੂਨੀਵਰਸਿਟੀ ਨੂੰ ਦੇਸ਼ ਦੀ ਪਹਿਲੀ ਭਾਰਤੀ ਸੰਸਕ੍ਰਿਤੀ ਵਾਲੀ ਯੂਨੀਵਰਸਿਟੀ ਹੋਣ ਦਾ ਮਾਣ ਜਾਂਦਾ ਹੈ । ਚਿਸ਼ਤੀ ਵੰਸ਼ ਦੇ ਸੂਫੀ ਫਕੀਰ ਹਜ਼ਰਤ ਨਿਜ਼ਾਮੁਦੀਨ ਔਲੀਆ ਦੇ ਮਕਬਰੇ ਉੱਪਰ ਦਿੱਲੀ ਵਿਖੇ ਬਸੰਤ ਪੰਚਮੀ ਦਾ ਦਿਨ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ । ਇਸ ਦਿਨ ਲੋਕ ਪੀਲੇ ਕੱਪੜੇ ਪਹਿਨ ਕੇ ਅਤੇ ਹੱਥਾਂ ਵਿੱਚ ਪੀਲੇ ਫੁੱਲਾਂ ਦੇ ਗੁਲਦਸਤੇ ਲੈ ਕੇ ਮਕਬਰੇ 'ਤੇ ਸਜਦਾ ਕਰਨ ਲਈ ਪਹੁੰਚਦੇ ਹਨ ।

ਇਸ ਤਰ੍ਹਾਂ ਬਸੰਤ ਪੰਚਮੀ ਦੇ ਦਿਨ ਨਾਲ ਬਹੁਤ ਸਾਰੀਆਂ ਅਹਿਮ ਇਤਿਹਾਸਿਕ ਘਟਨਾਵਾਂ ਜੁੜੀਆਂ ਹੋਈਆਂ ਹਨ । ਇਸ ਦਿਨ ਲੋਕ ਘਰਾਂ ਵਿੱਚ ਪੀਲੇ ਚੌਲ ਅਤੇ ਕੇਸਰੀ ਖੀਰਾਂ ਬਣਾ ਕੇ ਬੜੇ ਚਾਅ ਨਾਲ ਖਾਂਦੇ ਹਨ । ਪਟਿਆਲੇ ਅਤੇ ਛੇਹਰਟਾ ਸਾਹਿਬ ਦੀ ਬਸੰਤ ਪੰਚਮੀ ਬਹੁਤ ਪ੍ਰਸਿੱਧ ਹੈ । ਇਸ ਤੋਂ ਇਲਾਵਾ ਇਸ ਦਿਨ ਥਾਂ-ਥਾਂ ਮੇਲੇ ਭਰਦੇ ਹਨ । ਮੇਲਿਆਂ ਵਿੱਚ ਮੁਟਿਆਰਾਂ ਬਸੰਤੀ ਚੁੰਨੀਆਂ ਅਤੇ ਗੱਭਰੂ ਬਸੰਤੀ ਪੱਗਾਂ ਬੰਨ੍ਹ ਦੇ ਆਉਂਦੇ ਹਨ ।

ਬਸੰਤ ਦੇ ਤਿਉਹਾਰ ਨਾਲ ਪਤੰਗਬਾਜ਼ੀ ਦਾ ਕੋਈ ਸਿੱਧਾ ਸੰਬੰਧ ਨਹੀਂ ਹੈ । ਪਤੰਗਬਾਜ਼ੀ ਦਾ ਰਿਵਾਜ ਹਜ਼ਾਰਾਂ ਸਾਲ ਪਹਿਲਾਂ ਚੀਨ ਵਿੱਚ ਸ਼ੁਰੂ ਹੋਇਆ ਸੀ ਅਤੇ ਉੱਥੋਂ ਕੋਰੀਆ ਅਤੇ ਜਪਾਨ ਵਿੱਚ ਪ੍ਰਚਲਤ ਹੋਣ ਪਿੱਛੋਂ ਭਾਰਤ ਵਿੱਚ ਵੀ ਪ੍ਰਚੱਲਿਤ ਹੋ ਗਿਆ । ਹੁਣ ਦੇਸ਼ ਦੇ ਹੋਰ ਹਿੱਸਿਆਂ ਵਾਂਗ ਪਤੰਗਬਾਜ਼ੀ ਦਾ ਰਿਵਾਜ਼ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਆਮ ਹੈ । ਬਸੰਤ ਪੰਚਮੀ ਵਾਲੇ ਦਿਨ ਸਵੇਰ ਤੋਂ ਹੀ ਨੌਜਵਾਨ ਪਤੰਗਬਾਜ਼ੀ ਸ਼ੁਰੂ ਕਰ ਦਿੰਦੇ ਹਨ । ਸਾਰਾ ਆਸਮਾਨ ਰੰਗ ਬਿਰੰਗੇ ਪਤੰਗਾਂ ਨਾਲ ਭਰਿਆ ਹੋਇਆ ਦਿਲਕਸ਼ ਨਜ਼ਾਰਾ ਪੇਸ਼ ਕਰਦਾ ਹੈ । ਇਸ ਦਾ ਸਹੀ ਲੁਤਫ਼ ਉਠਾਉਣ ਲਈ ਇਸ ਦਿਹਾੜੇ ਨਾਲ ਸੰਬੰਧਤ ਘਟਨਾਵਾਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ ਅਤੇ ਕਾਦਰ ਦੀ ਕੁਦਰਤ ਦੀ ਬਹਾਰ ਦਾ ਅਨੰਦ ਮਾਨਣਾ ਚਾਹੀਦਾ ਹੈ ।

**- ਦਲਜੀਤ ਰਾਏ ਕਾਲੀਆ, ਮੋ. 97812-00168**

# ਵਾਧੂ ਅਤੇ ਵਰਤੇ ਹੋਏ ਫੁੱਲਾਂ ਤੋਂ ਗੁਲਾਲ ਬਣਾਓ

**ਸ਼ਾਲਿਨੀ ਝਾਂਜੀ ਅਤੇ ਕਿਰਨਜੀਤ ਕੌਰ ਢੱਟ,**
**ਫਲੋਰੀਕਲਚਰ ਅਤੇ ਲੈਂਡਸਕੇਪਿੰਗ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋਬਾਇਲ 98729-72526)**

**ਹਰ ਰੋਜ਼, ਵੱਡੀ ਗਿਣਤੀ ਵਿੱਚ ਫੁੱਲ ਬਰਬਾਦ ਹੁੰਦੇ ਹਨ ਅਤੇ ਸਰਵੇਖਣਾਂ ਦੀਆਂ ਰਿਪੋਰਟਾਂ ਤੋਂ ਪਤਾ ਚੱਲਿਆ ਹੈ ਕਿ ਕੁੱਲ ਫੁੱਲ ਉਤਪਾਦਨ ਵਿੱਚੋਂ ਲਗਭਗ 40% ਫੁੱਲ ਅਣਵਿਕੇ ਰਹਿੰਦੇ ਹਨ । ਇਸ ਲਈ, ਫੁੱਲਾਂ ਦੀ ਰਹਿੰਦ-ਖੂੰਹਦ ਨੂੰ ਹੋਲੀ ਦੇ ਰੰਗ, ਗੁਲਾਬ ਜਲ ਐਸੈਂਸ, ਕੁਦਰਤੀ ਰੰਗ, ਧੂਪ ਸਟਿਕਸ, ਹੱਥ ਨਾਲ ਬਣੇ ਕਾਗਜ਼ ਆਦਿ ਵਰਗੇ ਮੁੱਲ-ਵਰਧਿਤ ਉਤਪਾਦਾਂ ਵਿੱਚ ਸਹੀ ਅਤੇ ਵਾਤਾਵਰਣ-ਅਨੁਕੂਲ ਪ੍ਰੋਸੈਸਿੰਗ ਦੀ ਜ਼ਰੂਰਤ ਹੈ ਜੋ ਆਰਥਿਕ ਲਾਭਾਂ ਵਿੱਚ ਵਾਧਾ ਕਰ ਸਕਦੇ ਹਨ । ਫੁੱਲਾਂ ਦਾ ਗੁਲਾਲ ਇੱਕ ਮੁੱਲ-ਵਰਧਿਤ ਉਤਪਾਦ ਹੈ ਜੋ ਤਾਜ਼ੇ ਅਤੇ ਵਰਤੇ ਹੋਏ ਫੁੱਲਾਂ ਦੋਵਾਂ ਤੋਂ ਤਿਆਰ ਕੀਤਾ ਜਾ ਸਕਦਾ ਹੈ । ਇਹ ਲਾਗਤ-ਪ੍ਰਭਾਵਸ਼ਾਲੀ ਅਤੇ ਵਾਤਾਵਰਣ-ਅਨੁਕੂਲ ਹੈ ਕਿਉਂਕਿ ਕੋਈ ਇਸ ਨੂੰ ਬਣਾਉਣ ਲਈ ਰਸਾਇਣ ਨਹੀਂ ਵਰਤਿਆ ਜਾਂਦਾ । ਇਹ ਰੰਗ ਕੱਪੜਿਆਂ ਤੇਲੱਗਣ ਤੇ ਸਧਾਰਣ ਧੋਣ ਤੋਂ ਬਾਅਦ ਗਾਇਬ ਹੋ ਜਾਂਦੇ ਹਨ ।**





**ਫੁੱਲਾਂ ਦੀਆਂ ਕਿਸਮਾਂ**

ਫੁੱਲਾਂ ਦਾ ਗੁਲਾਲ ਤਿਆਰ ਕਰਨ ਲਈ ਵੱਖ-ਵੱਖ ਫੁੱਲਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ ਜਿਵੇਂ ਕਿ ਗੇਂਦਾ, ਗੁਲਾਬ, ਗੋਮਫ੍ਰੇਨਾ, ਸੇਲੋਸੀਆ, ਟੇਕੋਮਾ, ਹਿਬਿਸਕਸ, ਢੱਕ ਆਦਿ । ਫੁੱਲਾਂ ਦੀ ਕਿਸਮ ਦੇ ਅਧਾਰ ਤੇ ਵੱਖ-ਵੱਖ ਰੰਗਾਂ ਦਾ ਗੁਲਾਲ ਤਿਆਰ ਕੀਤਾ ਜਾ ਸਕਦਾ ਹੈ । ਗੇਂਦਾ ਸੰਤਰੀ ਤੋਂ ਪੀਲਾ ਰੰਗ, ਗੁਲਾਬ ਨੇ ਗੁਲਾਬੀ ਤੋਂ ਜਾਮਨੀ ਰੰਗ, ਗੋਮਫ੍ਰੇਨਾ ਮੌਵ ਰੰਗ, ਸੇਲੋਸੀਆ ਮੈਜੈਂਟਾ, ਟੇਕੋਮਾ ਪੀਲਾ, ਹਿਬਿਸਕਸ ਗੁਲਾਬੀ ਤੋਂ ਲਾਲ ਅਤੇ ਢੱਕ ਨੇ ਸੰਤਰੀ ਰੰਗ ਦਾ ਗੁਲਾਲ ਬਣਾਇਆ । ਇਹ ਫੁੱਲ ਸਾਲ ਦੇ ਵੱਖ-ਵੱਖ ਮੌਸਮਾਂ ਵਿੱਚ ਉਪਲਬਧ ਹੁੰਦੇ ਹਨ ਇਸ ਲਈ ਅਸੀਂ ਫੁੱਲਾਂ ਦੀ ਮੰਗ ਅਤੇ ਉਪਲਬਧਤਾ ਦੇ ਅਧਾਰ ਤੇ ਸਾਲ ਭਰ ਫੁੱਲਾਂ ਦਾ ਗੁਲਾਲ ਤਿਆਰ ਕਰ ਸਕਦੇ ਹਾਂ । ਪੰਜਾਬ ਵਿੱਚ ਗੇਂਦਾ ਅਤੇ ਦੇਸੀ ਗੁਲਾਬ (ਗੁਲਾਬ) ਦੇ ਵਪਾਰਕ ਤੌਰ 'ਤੇ ਕਾਸ਼ਤ ਕੀਤੀਆਂ ਜਾਂਦੀਆਂ ਫ਼ਸਲਾਂ ਹਨ । ਫੁੱਲਾਂ ਦੇ ਸਿਖਰ ਦੇ ਮੌਸਮ ਦੌਰਾਨ ਫੁੱਲਾਂ ਨੂੰ ਬਹੁਤ ਘੱਟ ਕੀਮਤਾਂ 'ਤੇ ਵੇਚਣਾ ਪੈਂਦਾ ਹੈ । ਫੁੱਲਾਂ ਦੇ ਸਿਖਰ ਦੇ ਮੌਸਮ ਦੌਰਾਨ ਵਾਧੂ ਉਪਜ ਤੋਂ ਫੁੱਲ ਦਾ ਗੁਲਾਲ ਦਾ ਉਤਪਾਦਨ ਕਿਸਾਨਾਂ ਨੂੰ ਬਹੁਤ ਘੱਟ ਨਿਵੇਸ਼ ਨਾਲ ਆਪਣੀ ਉਪਜ ਦੇ ਲਾਭਦਾਇਕ ਮੁੱਲ ਕਮਾਉਣ ਦੇ ਯੋਗ ਬਣਾ ਸਕਦਾ ਹੈ ।

**ਕਾਰਜਵਿਧੀ ਗੁਲਾਲ ਬਣਾਉਣ ਦੀ ਵਿਧੀ**

ਮੈਰੀਗੋਲਡ, ਗੁਲਾਬ ਅਤੇ ਹੋਰ ਸਜਾਵਟੀ ਪੌਦਿਆਂ ਦੇ ਪੂਰੀ ਤਰ੍ਹਾਂ ਖੁੱਲ੍ਹੇ ਫੁੱਲ ਇਕੱਠੇ ਕਰਨੇ ਹਨ । ਪੱਤੀਆਂ ਨੂੰ ਵੱਖ ਕਰਕੇ, ਗੁਲਾਲ ਬਣਾਉਣ ਲਈ ਕੱਟਣਾ ਜਾਂ ਛੋਟੇ ਟੁਕੜਿਆਂ ਵਿੱਚ ਕੁਚਲਣਾ ਹੈ । 1 ਕਿਲੋਗ੍ਰਾਮ ਕੁਚਲੀਆਂ ਪੱਤੀਆਂ ਨੂੰ ਲਗਭਗ 1.0-1.2 ਲੀਟਰ ਗਰਮ ਪਾਣੀ ($50^{\circ}C$ ਤੋਂ $70^{\circ}C$) ਵਿੱਚ 2 ਗ੍ਰਾਮ ਸਿਟਰਿਕ ਐਸਿਡ ਨਾਲ ਡੁਬੋਣਾ ਵੱਧ ਤੋਂ ਵੱਧ ਹੈ । ਰੰਗ ਕੱਢਣ ਲਈ ਮਿਸ਼ਰਣ ਨੂੰ 1 ਘੰਟੇ ਲਈ ਰੱਖਣਾ ਹੈ ਅਤੇ ਫਿਰ ਨਿਚੋੜ ਕੇ ਲਗਭਗ 800-900 ਮਿਲੀਲੀਟਰ ਅਨੁਕੂਲ ਰੰਗ ਦੀ ਤੀਬਰਤਾ ਦਾ ਕਾੜਹਾ ਬਣ ਜਾਂਦਾ ਹੈ । ਇਸ ਤਰ੍ਹਾਂ ਤਿਆਰ ਕੀਤੇ ਕਾੜ੍ਹੇ ਨੂੰ ਛਾਣਿਆ ਜਾਂਦਾ ਹੈ । ਫੁੱਲਾਂ ਦੇ ਕਾੜ੍ਹੇ (700 ਮਿ. ਲੀ.) ਨੂੰ 500 ਗ੍ਰਾਮ ਐਰੋ ਰੂਟ ਵਿੱਚ ਮਿਲਾਇਆ ਜਾਂਦਾ ਹੈ ਤਾਂ ਜੋ ਬਾਰੀਕ ਅਤੇ ਨਿਰਵਿਘਨ ਇਕਸਾਰਤਾ ਦਾ ਗੁਲਾਲ ਬਣਾਇਆ ਜਾ ਸਕੇ । ਫਿਰ ਮਿਸ਼ਰਣ ਨੂੰ ਛਾਂ ਵਿੱਚ ਸੁਕਾਇਆ ਜਾਂਦਾ ਹੈ, ਬਾਰੀਕ ਪੀਸਿਆ ਜਾਂਦਾ ਹੈ ਅਤੇ ਛਾਣਿਆ ਜਾਂਦਾ ਹੈ । ਗੁਲਾਲ ਨੂੰ ਉਦੋਂ ਤੱਕ ਸੁਕਾਇਆ ਜਾਂਦਾ ਹੈ ਜਦੋਂ ਤੱਕ ਪਾਊਡਰ ਉਂਗਲਾਂ ਨਾਲ ਨਾ ਚਿਪਕੇ । ਇਸ ਤਰ੍ਹਾਂ ਸੁੱਕੇ ਤੋਂ ਫੁੱਲਾਂ ਦਾ ਗੁਲਾਲ ਤਿਆਰ ਹੁੰਦਾ ਹੈ ਜਿਸਨੂੰ ਸਹੀ ਢੰਗ ਨਾਲ ਪੈਕ ਅਤੇ ਸਟੋਰ ਕਰਕੇ ਇੱਕ ਸਾਲ ਲਈ ਰੱਖਿਆ ਜਾ ਸਕਦਾ ਹੈ ।

**ਸਾਵਧਾਨੀਆਂ**

★ ਰੰਗੀਨ ਪੱਤੀਆਂ ਨੂੰ ਹਰੇ ਰੰਗ ਦੀਆਂ ਪੱਤੀਆਂ ਤੋਂ ਸਹੀ ਢੰਗ ਨਾਲ ਵੱਖ ਕਰਨਾ ਚਾਹੀਦਾ ਹੈ ।

★ ਪਾਣੀ ਹਲਕਾ ਗਰਮ ਹੋਣਾ ਹੋਣਾ ਚਾਹੀਦਾ ਹੈ ।

★ ਤੀਬਰ ਰੰਗ ਦੇ ਕਾੜ੍ਹੇ ਲਈ ਪੱਤੀਆਂ ਨੂੰ ਪੂਰੀ ਤਰ੍ਹਾਂ ਨਿਚੋੜਨਾ ਚਾਹੀਦਾ ਹੈ ।

★ ਰੰਗ ਨੂੰ ਧੁੱਪ ਵਿੱਚ ਨਹੀਂ ਸੁਕਾਉਣਾ ਚਾਹੀਦਾ ।

★ ਗੁਲਾਲ ਨੂੰ ਸਹੀ ਤਰ੍ਹਾਂ ਸੁਕਾਉਣਾ ਚਾਹੀਦਾ ਹੈ ਕਿਉਂਕਿ ਜ਼ਿਆਦਾ ਨਮੀ ਨਾਲ ਫੰਗਲ ਵਿਕਾਸ ਹੋ ਸਕਦਾ ਹੈ ।

**ਲਾਭ**

★ ਖੁੱਲ੍ਹੇ ਫੁੱਲਾਂ, ਖਾਸ ਕਰਕੇ ਗੇਂਦੇ ਅਤੇ ਗੁਲਾਬ ਦੀ ਕੀਮਤ, ਸੀਜ਼ਨ ਦੇ ਆਧਾਰ 'ਤੇ 30 ਤੋਂ 150 ਰੁਪਏ ਪ੍ਰਤੀ ਕਿਲੋਗ੍ਰਾਮ ਤੱਕ ਹੁੰਦੀ ਹੈ ਪਰ ਫੁੱਲਦਾਰ ਗੁਲਾਲ ਦੀ ਕੀਮਤ 700-1500/- ਕਿਲੋਗ੍ਰਾਮ ਤੱਕ ਹੁੰਦੀ ਹੈ । 1 ਕਿਲੋਗ੍ਰਾਮ ਗੁਲਾਬ (ਐਰੋ ਰੂਟ (20-30 ਰੁਪਏ/ਕਿਲੋਗ੍ਰਾਮ), ਸਿਟਰਕ ਐਸਿਡ (0.15 ਰੁਪਏ/ਕਿਲੋਗ੍ਰਾਮ) ਦੇ ਉਤਪਾਦਨ ਵਿੱਚ ਇਨਪੁਟ ਦੀ ਲਾਗਤ ਆਉਟਪੁੱਟ ਦੇ ਮੁਕਾਬਲੇ ਬਹੁਤ ਘੱਟ ਹੈ ।

★ ਇਹ ਨਵੀਨਤਾ ਕਿਸਾਨਾਂ ਅਤੇ ਫੁੱਲਾਂ ਦੇ ਮਾਲਕਾਂ ਲਈ ਵਾਅਦਾ ਕਰਨ ਵਾਲੀ ਹੈ, ਜੋ ਉਹਨਾਂ ਨੂੰ ਵਾਧੂ ਜਾਂ ਰਹਿੰਦ-ਖੂੰਹਦ ਫੁੱਲਾਂ ਨੂੰ ਇੱਕ ਮੁੱਲ-ਵਰਧਿਤ ਉਤਪਾਦ (ਫੁੱਲਾਂ ਦਾ ਗੁਲਾਲ) ਵਿੱਚ ਬਦਲਣ ਦਾ ਰਸਤਾ ਪ੍ਰਦਾਨ ਕਰਦੀ ਹੈ ।

★ ਇਹ ਉੱਦਮੀਆਂ ਅਤੇ ਬੇਰੁਜ਼ਗਾਰ ਵਿਅਕਤੀਆਂ ਲਈ ਸੀਮਤ ਸਰੋਤਾਂ ਤੋਂ ਆਮਦਨ ਪੈਦਾ ਕਰਨ ਦਾ ਤਰੀਕਾ ਹੈ, ਜਿਸ ਨਾਲ ਆਰਥਿਕ ਸ਼ਸ਼ਕਤੀਕਰਨ ਨੂੰ ਹੁਲਾਰਾ ਮਿਲ ਸਕਦਾ ਹੈ ।

**ਫੁੱਲਾਂ ਦੇ ਗੁਲਾਲ ਦੀ ਤਿਆਰੀ**

ਫੁੱਲਾਂ ਦੀਆਂ ਕੁੱਚਲੀਆਂ ਪੱਤੀਆਂ
(1 ਕਿਲੋਗ੍ਰਾਮ)
↓
1-1.5 ਲੀਟਰ ਗਰਮ ਪਾਣੀ +
2 ਗ੍ਰਾਮ ਸਿਟਰਿਕ ਐਸਿਡ ਵਿੱਚ
1 ਘੰਟੇ ਲਈ ਡੁਬੋਓ
↓
ਫੁੱਲਾਂ ਦਾ ਕਾੜ੍ਹਾ
(60.0-700 ਮਿ. ਲੀ.)
↓
500 ਗ੍ਰਾਮ ਪਾਓ ਅਤੇ 3-4 ਦਿਨਾਂ
ਲਈ ਛਾਂ ਵਿੱਚ ਸੁਕਾਓ
↓
ਫੁੱਲਾਂ ਦਾ ਗੁਲਾਲ (ਗੱਠ ਰਹਿਤ ਅਤੇ
ਵਧੀਆ ਬਣਤਰ ਵਾਲਾ)

# ਕਣਕ ਦਾ ਰਿਕਾਰਡ ਉਤਪਾਦਨ ਹੋਣ ਦੀ ਸੰਭਾਵਨਾ



ਭਗਵਾਨ ਦਾਸ

ਠੰਢ ਤੇ ਬਾਰਿਸ਼ ਕਣਕ ਦੀ ਫ਼ਸਲ ਲਈ ਬੜੇ ਲਾਹੇਵੰਦ ਹਨ। ਇਸ ਸਾਲ ਕੜਾਕੇ ਦੀ ਠੰਢ ਵੀ ਪੈ ਰਹੀ ਹੈ ਤੇ ਲੋੜੀਂਦੀ ਬਾਰਿਸ਼ ਵੀ ਹੋ ਰਹੀ ਹੈ। ਜਨਵਰੀ ਦੇ ਮਹੀਨੇ ਪੰਜਾਬ ਵਿੱਚ ਆਮ 19.1 ਐਮ. ਐਮ. ਦੀ ਬਜਾਏ 34.3 ਐਮ. ਐਮ. ਬਾਰਿਸ਼ ਹੋਈ, ਜੋ ਕਣਕ ਦੀ ਫ਼ਸਲ ਨੂੰ ਘਿਓ ਵਾਂਗ ਲੱਗੀ। ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਨਿਰਦੇਸ਼ਕ ਡਾ. ਜਸਵੰਤ ਸਿੰਘ ਅਨੁਸਾਰ ਇਸ ਸਾਲ ਕਣਕ ਦਾ ਰਿਕਾਰਡ ਉਤਪਾਦਨ ਹੋਣ ਦੀ ਸੰਭਾਵਨਾ ਹੈ, ਜੋ 185-186 ਲੱਖ ਟਨ ਤੱਕ ਪਹੁੰਚ ਜਾਵੇਗਾ। ਹੁਣ ਤੱਕ ਕਣਕ ਵਿੱਚ ਸਾਲ 2018-19 ਦਰਮਿਆਨ 182.62 ਲੱਖ ਟਨ ਦਾ ਰਿਕਾਰਡ ਉਤਪਾਦਨ ਹੋਇਆ ਸੀ। ਇਸ ਵਾਰ ਦਾ ਉਤਪਾਦਨ ਇਸ ਨੂੰ ਪਾਰ ਕਰ ਜਾਵੇਗਾ। ਪੰਜਾਬ ਸਰਕਾਰ ਤੇ ਭਾਰਤ ਸਰਕਾਰ ਤੋਂ 'ਕ੍ਰਿਸ਼ੀ ਕਰਮਨ' ਪੁਰਸਕਾਰ ਪ੍ਰਾਪਤ ਕਰਨ ਵਾਲਾ, ਪੀ.ਏ.ਯੂ. ਤੋਂ ਸਨਮਾਨਿਤ ਅਤੇ ਆਈ.ਏ.ਆਰ.ਆਈ. ਦਾ ਫੈਲੋ ਫਾਰਮਰ ਐਵਾਰਡੀ ਪਟਿਆਲਾ ਨੇੜਲੇ ਬਿਸ਼ਨਪੁਰ ਛੰਨਾ ਦਾ ਅਗਾਂਹਵਧੂ ਕਿਸਾਨ ਰਾਜਮੋਹਨ ਸਿੰਘ ਕਾਲੇਕਾ ਕਹਿੰਦਾ ਹੈ ਕਿ ਪੀ.ਏ.ਯੂ. ਵਲੋਂ ਵਿਕਸਿਤ ਪੀਬੀਡਬਲਿਊ-872, ਪੀਬੀਡਬਲਿਊ-826, ਭਾਰਤੀ ਖੇਤੀ ਖੋਜ ਸੰਸਥਾਨ ਵਲੋਂ ਵਿਕਸਿਤ ਐਚਡੀ-3386, ਐਚਡੀ-3226 ਅਤੇ ਆਈ.ਸੀ.ਏ.ਆਰ.-ਭਾਰਤੀ ਕਣਕ ਤੇ ਜੌਂਅ ਦੀ ਖੋਜ ਸੰਸਥਾਨ ਕਰਨਾਲ ਵਲੋਂ ਜਾਰੀ ਡੀਬੀਡਬਲਿਊ-327, ਡੀਬੀਡਬਲਿਊ-372 ਆਦਿ ਜਿਹੀਆਂ ਵਧੇਰੇ ਝਾੜ ਦੇਣ ਵਾਲੀਆਂ ਕਿਸਮਾਂ ਦੀ ਕਾਸ਼ਤ ਕਾਫੀ ਵੱਡੇ ਰਕਬੇ 'ਤੇ ਕੀਤੀ ਗਈ ਹੈ, ਉਨ੍ਹਾਂ ਦੇ ਖੇਤਾਂ ਵਿੱਚ ਖੜ੍ਹੀ ਫ਼ਸਲ ਦਰਸਾਉਂਦੀ ਹੈ ਕਿ ਪ੍ਰਤੀ ਹੈਕਟੇਅਰ ਝਾੜ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਕਾਫ਼ੀ ਵਾਧਾ ਹੋਵੇਗਾ। ਗੁੱਲੀ-ਡੰਡਾ ਨਦੀਨ ਜੋ ਕਣਕ ਦੇ ਝਾੜ ਨੂੰ ਕਈ ਖੇਤਾਂ ਵਿੱਚ 40% ਤੱਕ ਪ੍ਰਭਾਵਿਤ ਕਰਦਾ ਹੈ, ਬਾਰੇ ਉਨ੍ਹਾਂ ਕਿਹਾ ਕਿ ਕਿਸਾਨਾਂ ਵਲੋਂ ਯੂ. ਪੀ. ਐਲ. ਜਿਹੀਆਂ ਸਟੈਂਡਰਡ ਕੰਪਨੀਆਂ ਵਲੋਂ ਦਿੱਤੇ ਗਏ ਸਪਰੂਸ, ਸ਼ਗਨ 21-11, ਟੌਟਲ ਤੇ ਝਟਕਾ ਜਿਹੇ ਨਦੀਨਨਾਸ਼ਕ ਦਾ ਸਮੇਂ ਸਿਰ ਛਿੜਕਾਅ ਕਰਨ 'ਤੇ ਖੇਤਾਂ ਵਿੱਚੋਂ ਲਗਭਗ ਨਾਬੂਦ ਹੋ ਗਿਆ। ਫ਼ਤਿਹਗੜ੍ਹ ਸਾਹਿਬ ਜ਼ਿਲ੍ਹੇ ਵਿੱਚ ਅਮਲੋਹ ਨੇੜਲੇ ਧਰਮਗੜ੍ਹ ਪਿੰਡ ਦਾ ਅਗਾਂਹਵਧੂ ਕਿਸਾਨ ਬਲਬੀਰ ਸਿੰਘ ਜੜ੍ਹੀਆ ਕਹਿੰਦਾ ਹੈ ਕਿ ਉਸ ਨੇ ਆਪਣੀ ਜ਼ਮੀਨ ਲੇਜ਼ਰ ਕਰਾਹ ਨਾਲ ਪੱਧਰ ਕਰਾ ਕੇ ਕਣਕ ਬੀਜੀ ਤੇ ਮਿਆਰੀ ਨਦੀਨਨਾਸ਼ਕਾਂ ਦੀ ਸਪਰੇਅ ਕੀਤੀ, ਜਿਸ ਨਾਲ ਫ਼ਸਲ ਵਿੱਚ ਗੁੱਲੀ-ਡੰਡਾ ਬਿਲਕੁਲ ਨਹੀਂ ਹੋਇਆ।

ਆਈ. ਸੀ. ਏ. ਆਰ. (ਇੰਡੀਅਨ ਐਗਰੀਕਲਚਰਲ ਰਿਸਰਚ ਇੰਸਟੀਚਿਊਟ ਦਿੱਲੀ) ਦੇ ਕਣਕ ਦੇ ਮੁੱਖੀ ਬ੍ਰੀਡਰ ਡਾ. ਰਾਜਬੀਰ ਯਾਦਵ ਅਨੁਸਾਰ ਪੰਜਾਬ ਵਿੱਚ ਹੀ ਨਹੀਂ, ਭਾਰਤ ਵਿੱਚ ਵੀ ਕਣਕ ਦਾ ਰਿਕਾਰਡ ਉਤਪਾਦਨ ਹੋਣ ਦੀ ਸੰਭਾਵਨਾ ਹੈ ਅਤੇ ਭਾਰਤ ਵਿੱਚ ਕਣਕ ਦੀ ਕਾਸ਼ਤ ਹੇਠ ਇੱਕ ਮਿਲੀਅਨ ਹੈਕਟੇਅਰ ਰਕਬਾ ਵੀ ਵਧਿਆ ਹੈ, ਜੋ ਪਿਛਲੇ ਸਾਲ 32.80 ਮਿਲੀਅਨ ਹੈਕਟੇਅਰ ਰਕਬਾ ਸੀ, ਜਿਸ ਤੋਂ ਉਤਪਾਦਨ 117.90 ਮਿਲੀਅਨ ਟਨ ਹੋਇਆ ਸੀ। ਡਾ. ਯਾਦਵ ਨੇ ਕਿਹਾ ਕਿ ਕਣਕ ਦੇ ਅਨੁਮਾਨਿਤ ਉਤਪਾਦਨ ਨੂੰ ਪ੍ਰਾਪਤ ਕਰਨ ਲਈ ਆਉਣ ਵਾਲੇ ਦਿਨ ਵਿੱਚ ਕਿਸਾਨ ਪੀਲੀ ਕੁੰਗੀ ਤੋਂ ਫ਼ਸਲ ਦਾ ਬਚਾਅ ਰੱਖਣ ਤੇ ਖੇਤਾਂ ਦਾ ਮਤਵਾਤਰ ਸਰਵੇਖਣ ਕਰਦੇ ਰਹਿਣ। ਪੰਜਾਬ ਵਿੱਚ ਪਹਾੜਾਂ, ਤਲੈਹਟੀ ਦੇ ਇਲਾਕੇ ਤੋਂ ਪੀਲੀ ਕੁੰਗੀ ਰੋਪੜ, ਹੁਸ਼ਿਆਰਪੁਰ ਤੋਂ ਪ੍ਰਵੇਸ਼ ਕਰਦੀ ਹੈ ਤੇ ਜ਼ਿਆਦਾ ਨਮੀ ਵਾਲੇ ਇਲਾਕਿਆਂ ਵਿੱਚ ਨਹਿਰਾਂ ਕਿਨਾਰੇ ਅੰਮ੍ਰਿਤਸਰ, ਯਮੁਨਾਨਗਰ (ਹਰਿਆਣਾ) ਜ਼ਿਲ੍ਹਿਆਂ ਵਿੱਚ ਵੀ ਫ਼ਸਲ ਨੂੰ ਪੀਲੀ ਕੁੰਗੀ ਤੋਂ ਬਚਾਉਣ ਲਈ ਵਿਸ਼ੇਸ਼ ਧਿਆਨ ਦੀ ਲੋੜ ਹੈ। ਜਿਹੜੀਆਂ ਕਣਕਾਂ ਦੀ ਲੰਬਾਈ ਜ਼ਿਆਦਾ ਹੈ, ਉੱਥੇ ਕਿਸਾਨਾਂ ਨੂੰ 'ਲਿਹੋਸਿਨ' ਜਿਹੀ ਕਿਸੇ ਸਿਫ਼ਾਰਸ਼ ਕਿਸਮ ਦੀ ਦਵਾਈ ਦੀ ਸਪਰੇਅ ਕਰ ਦੇਣੀ ਚਾਹੀਦੀ ਹੈ। ਇਸ ਨਾਲ ਕਣਕ ਡਿਗਣ ਤੋਂ ਬਚ ਜਾਵੇਗੀ ਤੇ ਉਤਪਾਦਕਤਾ ਬਰਕਰਾਰ ਰਹੇਗੀ।

ਡਾ. ਰਾਜਬੀਰ ਯਾਦਵ ਕਹਿੰਦੇ ਹਨ ਕਿ ਕਣਕ



ਦੀ ਫ਼ਸਲ ਲਈ ਹੁਣ ਤੱਕ ਮੌਸਮ ਬੜਾ ਅਨੁਕੂਲ ਰਿਹਾ ਹੈ। ਕੇਵਲ ਉਹ ਜ਼ਮੀਨਾਂ ਜਿੱਥੇ ਪਾਣੀ ਖੜ੍ਹ ਜਾਂਦਾ ਹੈ, ਉੱਥੇ ਥੋੜ੍ਹੀ-ਬਹੁਤ ਫ਼ਸਲ ਪ੍ਰਭਾਵਿਤ ਹੋ ਸਕਦੀ ਹੈ। ਕਿਸਾਨਾਂ ਨੇ ਪੀ. ਏ. ਯੂ., ਆਈ. ਸੀ. ਏ. ਆਰ. ਤੋਂ ਆਈ. ਏ. ਆਰ. ਆਈ. ਦੀਆਂ ਸਿਫ਼ਾਰਸ਼ਾਂ ਨੂੰ ਪੂਰੀ ਤਰ੍ਹਾਂ ਅਪਣਾਇਆ ਹੈ, ਜੋ ਕਣਕ ਦੇ ਉਤਪਾਦਨ ਤੋਂ ਉਤਪਾਦਕਤਾ ਵਧਾਉਣ ਵਿੱਚ ਕਾਫ਼ੀ ਸਹਾਈ ਹੋਣਗੀਆਂ। ਰਸਾਇਣਕ ਖਾਦਾਂ ਜਿਵੇਂ ਯੂਰੀਆਂ, ਡੀ. ਏ. ਪੀ. ਤੇ ਹੋਰ ਖਾਦਾਂ ਦੀ ਪੂਰੀ ਖ਼ੁਰਾਕ ਨਾਲੋਂ ਵੱਧ ਮਾਤਰਾ ਵਿੱਚ ਪਾਏ ਹਨ, ਭਾਵੇਂ ਉਨ੍ਹਾਂ ਨੂੰ ਇਨ੍ਹਾਂ ਖਾਦਾਂ ਦਾ ਸਮੇਂ ਸਿਰ ਪ੍ਰਬੰਧ ਕਰਨ ਵਿੱਚ ਮੁਸ਼ਕਿਲ ਪੇਸ਼ ਆਈ ਪਰ ਉਨ੍ਹਾਂ ਨੇ ਮਿਕਸਚਰਾਂ ਨੂੰ ਡੀ. ਏ. ਪੀ. ਦੀ ਥਾਂ ਬਿਜਾਈ ਵੇਲੇ ਵਰਤ ਕੇ ਫ਼ਸਲ ਦਾ ਪੂਰੀ ਤਰ੍ਹਾਂ ਪਾਲਣ-ਪੋਸ਼ਣ ਕੀਤਾ, ਜਿਸ ਨਾਲ ਉਤਪਾਦਕਤਾ ਵਧੇਗੀ। ਹੁਣ ਕਿਸਾਨਾਂ ਨੂੰ ਪਛੇਤੀ ਬੀਜੀ ਕਣਕ ਵਿੱਚ ਆਮ ਸਮੇਂ ਬੀਜੀ ਕਣਕ ਲਈ ਕੀਤੀ ਗਈ ਨਾਈਟ੍ਰੋਜਨ ਪਾਉਣ ਸੰਬੰਧੀ ਸਿਫ਼ਾਰਸ਼ ਤੋਂ 25% ਯੂਰੀਏ ਦੀ ਮਾਤਰਾ ਘਟਾ ਦੇਣੀ ਚਾਹੀਦੀ ਹੈ।

ਇਸ ਸਾਲ ਕਣਕ ਦਾ ਲੋੜ ਨਾਲੋਂ ਵੱਧ ਜ਼ਖ਼ੀਰਾ ਪਿਆ ਹੈ। ਬੀਜ ਵਿਕਰੇਤਾਵਾਂ ਤੇ ਉਤਪਾਦਕਾਂ ਦਾ ਪ੍ਰਮਾਣਿਤ ਕਿਸਮਾਂ ਦੇ ਬੀਜ ਦੀ ਵੀ ਵੱਡੀ ਮਾਤਰਾ ਇਸ ਸਾਲ ਨਹੀਂ ਵਿਕੀ। ਹੁਣ ਜੋ ਉਸ ਨੂੰ ਕਣਕ ਦੇ ਭਾਅ ਵੇਚ ਰਹੇ ਹਨ, ਉਨ੍ਹਾਂ ਨੂੰ ਮੰਡੀ ਵਿੱਚ ਲਾਹੇਵੰਦ ਭਾਅ ਨਹੀਂ ਮਿਲ ਰਿਹਾ। ਜੋ ਸਰਕਾਰ ਨੇ ਘੱਟੋ-ਘੱਟ ਸਹਾਇਕ ਕੀਮਤ ਐਲਾਨੀ ਹੈ, ਉਸ ਦੇ ਆਲੇ-ਦੁਆਲੇ ਹੀ ਲਗਭਗ 2600 ਰੁਪਏ ਪ੍ਰਤੀ ਕੁਇੰਟਲ ਦਾ ਮੁੱਲ ਰਿਹਾ ਹੈ, ਜਿਸ ਨਾਲ ਉਨ੍ਹਾਂ ਦਾ ਖ਼ਰਚਾ ਵੀ ਪੂਰਾ ਨਹੀਂ ਹੁੰਦਾ। ਕਿਸਾਨ ਚਿੰਤਾ ਵਿੱਚ ਹਨ ਕਿ ਉਨ੍ਹਾਂ ਨੂੰ ਕਣਕ ਦੇ ਮੰਡੀਕਰਣ ਵਿੱਚ ਕਿਤੇ ਮੁਸ਼ਕਿਲਾਂ ਨਾ ਆਵੇ। ਇਸ ਸੰਬੰਧੀ ਸਰਕਾਰ ਵੱਲੋਂ ਯੋਗ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ।

# ਫ਼ਲਦਾਰ ਬੂਟਿਆਂ ਨੂੰ ਬਹਾਰ ਰੁੱਤ ਵਿੱਚ ਕੀੜੇ-ਮਕੌੜਿਆਂ ਤੋਂ ਕਿਵੇਂ ਬਚਾਈਏ ?

ਪਰਮਿੰਦਰ ਕੌਰ ਸਹਿਜਪਾਲ ਅਤੇ ਸਵਰੀਤ ਖਹਿਰਾ,
ਫ਼ਾਰਮ ਸਲਾਹਕਾਰ ਸੇਵਾ ਕੇਂਦਰ, ਤਰਨ ਤਾਰਨ (ਮੋਬਾਇਲ : 98770-85223)

ਕੀੜੇ-ਮਕੌੜੇ ਨਾ ਸਿਰਫ਼ ਫ਼ਲਦਾਰ ਬੂਟਿਆਂ ਦੀ ਪੈਦਾਵਾਰ ਘਟਾਉਂਦੇ ਹਨ ਸਗੋਂ ਫ਼ਲਾਂ ਦੀ ਗੁਣਵੱਤਾ ਅਤੇ ਮੰਡੀਕਰਣ ਤੇ ਵੀ ਬਹੁਤ ਮਾੜਾ ਅਸਰ ਪਾਉਂਦੇ ਹਨ। ਬਹਾਰ ਰੁੱਤ ਵਿੱਚ ਇਹ ਮੁੱਖ ਤੌਰ ਤੇ ਫ਼ਲਦਾਰ ਬੂਟਿਆਂ ਦੀਆਂ ਜੜ੍ਹਾਂ, ਤਣੇ, ਟਾਹਣੀਆਂ, ਪੱਤੇ, ਫੁੱਲ, ਡੋਡੀਆਂ ਅਤੇ ਫ਼ਲਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ।

**ਅੰਬ ਦੇ ਟਿੱਡੇ ਤੇ ਛੜੱਪਾਮਾਰ ਤੇਲਾ**

ਫ਼ਰਵਰੀ ਤੇ ਮਾਰਚ ਦੇ ਮਹੀਨਿਆਂ ਵਿੱਚ ਜਦੋਂ ਅੰਬ ਤੇ ਫੁੱਲ ਆਉਂਦੇ ਹਨ, ਉਸੇ ਸਮੇਂ ਇਹ ਕੀੜਾ ਬਹੁਤ ਹੀ ਨੁਕਸਾਨ ਕਰਦਾ ਹੈ। ਇਹ ਰਸ ਚੂਸਣੇ ਕੀੜੇ ਨਰਮ ਪੱਤਿਆਂ ਅਤੇ ਫੁੱਲਾਂ ਦੇ ਗੁੱਛਿਆਂ ਵਿੱਚ ਇੱਕਠੇ ਹੁੰਦੇ ਰਹਿੰਦੇ ਹਨ ਅਤੇ ਚਿਪ-ਚਿਪਾ ਕਰ ਦਿੰਦੇ ਹਨ। ਅਜਿਹੇ ਫੁੱਲ ਕਾਲੀ ਉੱਲੀ ਦੇ ਹਮਲੇ ਨਾਲ ਮੁਰਝਾ ਕੇ ਭੂਰੇ ਰੰਗ ਦੇ ਹੋ ਜਾਂਦੇ ਹਨ ਅਤੇ ਗਰਮੀਆਂ ਵਿੱਚ ਤੇਜ਼ ਹਵਾਵਾਂ ਦੇ ਪ੍ਰਕੋਪ ਨਾਲ ਜ਼ਮੀਨ ਤੇ ਡਿੱਗ ਪੈਂਦੇ ਹਨ।

**ਰੋਕਥਾਮ :**

★ ਸਰਦ ਰੁੱਤ ਵਿੱਚ ਪੁਰਾਣੇ ਸੰਘਣੇ ਬਾਗਾਂ ਵਿੱਚ ਕੁੱਝ ਟਾਹਣੀਆਂ ਕੱਟ ਦੇਣੀਆਂ ਚਾਹੀਦੀਆਂ ਹਨ ਤਾਂ ਜੋ ਧੁੱਪ ਅਤੇ ਸੂਰਜ ਦੀਆਂ ਕਿਰਨਾਂ ਬੂਟੇ ਦੇ ਤਣੇ ਤੱਕ ਪਹੁੰਚ ਸਕਣ।

★ ਬੂਟੇ ਸਿਫ਼ਾਰਸ਼ ਕੀਤੇ ਫਾਸਲੇ ਤੇ ਹੀ ਲਾਓ ਕਿਉਂਕਿ ਬਹੁਤੇ ਸੰਘਣੇ ਬਾਗਾਂ ਵਿੱਚ ਇਹ ਸਮੱਸਿਆ ਵੱਧ ਆਉਂਦੀ ਹੈ।

★ ਅੰਬਾਂ ਦੇ ਟਿੱਡਿਆਂ ਤੇ ਕਾਬੂ ਪਾਉਣ ਲਈ 1 ਲੀਟਰ ਪੀ. ਏ. ਯੂ. ਨਿੰਮ ਦਾ ਘੋਲ ਜਾਂ ਪੀ. ਏ. ਯੂ. ਧਰੇਕ ਦਾ ਘੋਲ ਪ੍ਰਤੀ ਏਕੜ ਨੂੰ 500 ਲੀਟਰ ਪਾਣੀ ਵਿੱਚ ਘੋਲ ਕੇ ਹਫ਼ਤੇ ਦੇ ਫ਼ਰਕ ਤੇ ਦੋ ਵਾਰ ਛਿੜਕਾਅ ਕਰੋ ਜਾਂ 200 ਮਿਲੀਲਿਟਰ ਕੋਨਫ਼ੀਡੋਰ 17.8 ਐੱਸ. ਐੱਲ. (ਈਮੀਡਾਕਲੋਪਰਿਡ) ਜਾਂ 50 ਗ੍ਰਾਮ ਐਕਟਾਰਾ 25 ਡਬਲਯੂ ਜੀ (ਥਾਇਆਮੀਥੋਕਸਮ) ਪ੍ਰਤੀ ਏਕੜ ਨੂੰ 500 ਲਿਟਰ ਪਾਣੀ ਵਿੱਚ ਘੋਲ ਕੇ 15 ਦਿਨ ਦੇ ਫ਼ਰਕ ਤੇ ਦੋ ਵਾਰ ਛਿੜਕਾਅ ਕਰੋ।



**ਸਾਵਧਾਨੀ :** ਕੋਨਫ਼ੀਡੋਰ ਜਾਂ ਐਕਟਾਰਾ ਦਾ ਛਿੜਕਾਅ ਸ਼ਾਮ ਦੇ ਸਮੇਂ ਕਰਨਾ ਚਾਹੀਦਾ ਹੈ, ਜਦੋਂ ਪਰਾਗਣ ਵਾਲੀਆਂ ਮੱਖੀਆਂ ਫੁੱਲਾਂ ਤੇ ਨਾ ਹੋਣ।

**ਨੋਟ :** ਪਹਿਲਾ ਛਿੜਕਾਅ ਪੀ. ਏ. ਯੂ. ਨਿੰਮ ਦੇ ਘੋਲ ਜਾਂ ਪੀ. ਏ. ਯੂ. ਧਰੇਕ ਦੇ ਘੋਲ ਦਾ ਕਰਨਾ ਚਾਹੀਦਾ ਹੈ।

**ਤਿਆਰ ਕਰਨ ਦੀ ਵਿਧੀ :** ਚਾਰ ਕਿਲੋ ਨਿੰਮ ਦੀਆਂ ਕਰੂੰਬਲਾਂ (ਪੱਤੇ, ਹਰੀਆਂ ਟਾਹਣੀਆਂ ਅਤੇ ਨਿਮੋਲੀਆਂ) ਨੂੰ 10 ਲਿਟਰ ਪਾਣੀ ਵਿੱਚ 30 ਮਿੰਟ ਲਈ ਉਬਾਲੋ। ਇਸ ਘੋਲ ਨੂੰ ਕੱਪੜ ਛਾਣ ਕਰਕੇ ਸਿਫ਼ਾਰਸ਼ ਕੀਤੀ ਮਾਤਰਾ ਮੁਤਾਬਿਕ ਛਿੜਕਾਅ ਕਰੋ।

**ਬੇਰ ਦੇ ਫ਼ਲ ਦੀ ਮੱਖੀ**

ਇਹ ਇੱਕ ਹਾਨੀ ਪਹੁੰਚਾਉਣ ਵਾਲਾ ਕੀੜਾ ਹੈ ਅਤੇ ਇਹ ਫ਼ਰਵਰੀ-ਮਾਰਚ ਵਿੱਚ ਹਮਲਾ ਕਰਦਾ ਹੈ। ਮਾਦਾ ਮੱਖੀ ਵਾਧੇ ਪਏ ਨਰਮ ਫ਼ਲਾਂ ਦੇ ਛਿਲਕੇ ਹੇਠਾਂ ਅੰਡੇ ਦਿੰਦੀ ਹੈ। ਅਜਿਹੇ ਫ਼ਲਾਂ ਦਾ ਆਕਾਰ ਵਿਗੜ ਜਾਂਦਾ ਹੈ, ਫ਼ਲ ਭੂਰੇ, ਦਾਗੀ ਅਤੇ ਗਲੇ ਹੋਣ ਕਾਰਨ ਜ਼ਮੀਨ ਤੇ ਡਿੱਗ ਪੈਂਦੇ ਹਨ ਅਤੇ ਸੁੰਡੀਆਂ ਦਰੱਖਤ ਹੇਠ ਜ਼ਮੀਨ ਵਿੱਚ ਪਲਦੀਆਂ ਰਹਿੰਦੀਆਂ ਹਨ।

**ਰੋਕਥਾਮ :** ਬਾਗ ਦੀ ਪੂਰੀ ਸਫਾਈ ਰੱਖੋ, ਨਦੀਨਾਂ ਤੋਂ ਮੁਕਤ ਰੱਖੋ ਅਤੇ ਖਰਾਬ ਫ਼ਲਾਂ ਨੂੰ ਨਸ਼ਟ ਕਰ ਦਿਓ।

★ ਜਿਹੜੀਆਂ ਸੁੰਡੀਆਂ ਫ਼ਲਾਂ ਦੀ ਤੁੜਾਈ ਤੋਂ ਬਾਅਦ ਜ਼ਮੀਨ ਵਿੱਚ ਚਲੀਆਂ ਜਾਂਦੀਆਂ ਹਨ ਉਹਨਾਂ ਨੂੰ ਮਾਰਨ ਲਈ ਆਉਣ ਵਾਲੀਆਂ ਗਰਮੀਆਂ ਵਿੱਚ ਦਰਖਤ ਦੇ ਦੁਆਲੇ ਦੀ ਮਿੱਟੀ ਫਰੋਲੋ ਤਾਂ ਜੋ ਸੁੰਡੀਆਂ ਕੁਦਰਤੀ ਦੁਸ਼ਮਣਾਂ ਰਾਹੀ ਜਾਂ ਗਰਮੀ ਨਾਲ ਮਰ ਜਾਣ।

★ ਫ਼ਲਾਂ ਦੀ ਤੁੜਾਈ ਤੋਂ ਬਾਅਦ ਬਾਗ ਦੀ ਕਲਟੀਵੇਟਰ ਨਾਲ 4-6 ਸੈਂਟੀਮੀਟਰ ਤੱਕ ਵਹਾਈ ਕਰਨੀ ਚਾਹੀਦੀ ਹੈ ਤਾਂ ਜੋ ਸੁੰਡੀਆਂ ਬਾਹਰ ਆ ਕੇ ਮਰ ਜਾਣ।

★ ਹਮਲੇ ਵਾਲੇ ਫ਼ਲਾਂ ਨੂੰ ਤੋੜ ਕੇ ਜ਼ਮੀਨ ਵਿੱਚ ਘੱਟੋ-ਘੱਟ 60 ਸੈਂਟੀਮੀਟਰ ਡੂੰਘੇ ਦੱਬ ਦੇਣਾ ਚਾਹੀਦਾ ਹੈ।

★ ਇਸ ਮੱਖੀ ਦੀ ਰੋਕਥਾਮ ਲਈ ਫ਼ਰਵਰੀ ਦੇ ਪਹਿਲੇ ਹਫ਼ਤੇ ਪੀ. ਏ. ਯੂ. ਫ਼ਰੂਟ ਫ਼ਲਾਈ ਟਰੈਪ (16 ਟਰੈਪ ਪ੍ਰਤੀ ਏਕੜ) ਲਗਾਉ ਅਤੇ ਲੋੜ ਪੈਣ ਤੇ ਦੁਬਾਰਾ ਲਗਾਉ।

**ਨਾਸ਼ਪਤੀ ਦੇ ਚੇਪੇ**

ਨਾਸ਼ਪਤੀ ਵਿੱਚ ਇਸ ਕੀੜੇ ਦਾ ਹਮਲਾ ਫ਼ਰਵਰੀ ਤੋਂ ਲੈ ਕੇ ਅਪ੍ਰੈਲ ਤੱਕ ਹੁੰਦਾ ਹੈ। ਇਹ ਨਰਮ ਪੱਤਿਆਂ, ਤਣਿਆਂ ਅਤੇ ਟਾਹਣੀਆਂ, ਡੋਡੀਆਂ, ਫੁੱਲਾਂ ਅਤੇ ਫ਼ਲਾਂ ਦਾ ਰਸ ਚੂਸ ਕੇ ਬੂਟਿਆਂ ਦਾ ਬਹੁਤ ਨੁਕਸਾਨ ਕਰਦਾ ਹੈ। ਰਸ ਚੂਸਣ ਤੋਂ ਬਾਅਦ ਇਹ ਕੀੜਾ ਸ਼ਹਿਦ ਜਿਹਾ ਪਦਾਰਥ ਲਗਾਤਾਰ ਛੱਡਦਾ ਰਹਿੰਦਾ ਹੈ। ਇਸ ਤੇ ਕਾਲੀ ਉੱਲੀ ਲੱਗਣੀ ਸ਼ੁਰੂ ਹੋ ਜਾਂਦੀ ਹੈ ਅਤੇ ਗੰਭੀਰ ਹਾਲਤ ਵਿੱਚ ਬੂਟੇ ਦਾ ਵੱਧਣਾ ਫੁੱਲਣਾ ਰੁੱਕ ਜਾਂਦਾ ਹੈ।

**ਰੋਕਥਾਮ :** ਗੰਭੀਰ ਹਮਲੇ ਦੀ ਸੂਰਤ ਵਿੱਚ ਲਾਗ ਵਾਲੇ ਬੂਟਿਆਂ ਦੇ ਹਿੱਸੇ ਕੱਟ ਕੇ ਨਸ਼ਟ ਕਰੋ।

★ ਬਾਗ ਦੀ ਸਾਫ-ਸਫਾਈ ਦਾ ਧਿਆਨ ਰੱਖੋ।

★ ਬਾਗ ਦੀ ਕਾਂਟ-ਛਾਂਟ ਸਹੀ ਸਮੇਂ ਤੇ ਕਰੋ।

**ਆੜੂ ਦੇ ਚੌੜੇ ਸਿਰ ਵਾਲਾ ਗੜੂੰਆ**

ਆੜੂ ਵਿੱਚ ਚੌੜੇ ਸਿਰ ਵਾਲੇ ਗੜੂੰਏ ਦੀ ਬਹੁਤ ਹੀ ਭਿਆਨਕ ਸਮੱਸਿਆ ਹੈ। ਇਹ ਆੜੂ ਤੋਂ ਇਲਾਵਾ ਅਲੂਚੇ ਨੂੰ ਵੀ ਨੁਕਸਾਨ ਕਰਦਾ ਹੈ। ਇਸ ਕੀੜੇ ਦਾ ਹਮਲਾ ਮਾਰਚ ਦੇ ਮਹੀਨੇ ਵਿੱਚ ਸ਼ੁਰੂ ਹੋ ਜਾਂਦਾ ਹੈ ਅਤੇ ਅੱਧ ਮਾਰਚ ਤੋਂ ਪੱਤਿਆਂ ਨੂੰ ਖਾਣਾ ਸ਼ੁਰੂ ਕਰ ਦਿੰਦੇ ਹਨ। ਗੜੂੰਆਂ ਬੂਟੇ ਦੀਆਂ ਮੋਟੀਆਂ ਟਾਹਣੀਆਂ ਵਿੱਚ ਅੰਡੇ ਦਿੰਦਾ ਹੈ ਅਤੇ ਇਹਨਾਂ ਅੰਡਿਆਂ ਵਿੱਚੋਂ ਸੁੰਡੀਆਂ ਨਿਕਲ ਕੇ ਤਣੇ ਹੇਠੋਂ ਛਿਲ ਵਿੱਚ ਮੋਰੀਆਂ ਕਰ ਦਿੰਦੀਆਂ ਹਨ ਅਤੇ ਛਿੱਲਕਾ ਪੋਲਾ ਹੋ ਕੇ ਫੱਟ ਜਾਂਦਾ ਹੈ। ਇਹਨਾਂ ਮੋਰੀਆਂ ਵਿੱਚੋਂ ਗੂੰਦ ਨਿਕਲਣੀ ਸ਼ੁਰੂ ਹੋ ਜਾਂਦੀ ਹੈ ਅਤੇ ਪੱਤੇ ਪੀਲੇ ਹੋ ਜਾਂਦੇ ਹਨ। ਬੂਟੇ ਦਾ ਵੱਧਣਾ ਫੁੱਲਣਾ ਰੁੱਕ ਜਾਂਦਾ ਹੈ। ਜ਼ਿਆਦਾ ਹਮਲੇ ਦੀ ਸੂਰਤ ਵਿੱਚ ਬੂਟੇ ਦੀਆਂ ਟਾਹਣੀਆਂ ਸੁੱਕ ਜਾਂਦੀਆਂ ਹਨ ਅਤੇ ਬੂਟਾ ਮਰ ਜਾਂਦਾ ਹੈ।

**ਰੋਕਥਾਮ :** ਬੁਰੀ ਤਰ੍ਹਾਂ ਪ੍ਰਭਾਵਿਤ ਬੂਟਿਆਂ ਨੂੰ ਬਸੰਤ ਰੁੱਤ ਵਿੱਚ ਕੱਟ ਕੇ ਨਸ਼ਟ ਕਰੋ।

ਬਾਗ ਦੀ ਸਾਫ-ਸਫਾਈ ਦਾ ਧਿਆਨ ਰੱਖੋ।

# ਫਰਵਰੀ ਮਹੀਨੇ ਦੇ ਖੇਤੀ ਰੁਝੇਵੇਂ

**ਸੰਯੋਜਕ** : ਅਮਰਜੀਤ ਸਿੰਘ, **ਸੰਗ੍ਰਹਿ ਕਰਤਾ** : ਕਮਲਜੀਤ ਸਿੰਘ ਸੂਰੀ, ਅਮਿਤ ਕੌਲ, ਅਰਸ਼ ਆਲਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਜਸਪਾਲ ਸਿੰਘ, ਨਵਨੀਤ ਕੌਰ, ਸਿਮਰਤ ਸਿੰਘ, ਰੂਮਾ ਦੇਵੀ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ

**ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ ।**

4. ਨਿੰਬੂ ਜਾਤੀ ਦੇ ਬੂਟਿਆਂ ਦੀ ਸਿੰਚਾਈ ਵੱਲ ਧਿਆਨ ਦਿਓ ਕਿਉਂਕਿ ਫਰਵਰੀ ਮਹੀਨੇ ਹੀ ਫੁਟਾਰਾ ਹੋਵੇਗਾ । ਲੁਕਾਠ ਦੇ ਬੂਟਿਆਂ ਨੂੰ ਇੱਕ-ਦੋ ਪਾਣੀ ਦਿਓ ਕਿਉਂਕਿ ਫਲ ਪੈ ਚੁੱਕਾ ਹੈ । ਬੇਰ ਦੇ ਬੂਟਿਆਂ ਨੂੰ ਵੀ ਪਾਣੀ ਦਿਓ ਤਾਂ ਜੋ ਫਲ ਦਾ ਆਕਾਰ ਵੱਧੇ । ਫਰਵਰੀ ਦੇ ਪਹਿਲੇ ਪੰਦਰਵਾੜੇ ਵਿੱਚ ਅੰਗੂਰਾਂ ਦੀ ਕਾਂਟ-ਛਾਂਟ ਤੋਂ ਬਾਅਦ ਇੱਕ ਪਾਣੀ ਲਾਓ ।

5. ਨਿੰਬੂ ਜਾਤੀ ਦੇ ਬੂਟਿਆਂ ਦਾ ਸਿਟਰਸ ਸਿੱਲਾ ਮਾਰਨ ਲਈ 200 ਮਿ.ਲਿ. ਕਰੋਕੋਡਾਇਲ/ਕੰਨਫੀਡੋਰ ਜਾਂ 160 ਗ੍ਰਾਮ ਐਕਟਾਰਾ/ਦੋ ਤਾਰਾ (ਥਾਇਆਮਿਥਕਸਮ) ਜਾਂ 6.25 ਲਿਟਰ ਮੈਕ ਐਚ ਐਮ ਓ (ਹਾਰਟੀਕਲਰਚਮਿਨਰਲ ਆਇਲ) ਨੂੰ 500 ਲਿਟਰ ਪਾਣੀ ਵਿੱਚ ਘੋਲ ਕੇ ਫੁੱਲਾਂ ਤੋਂ ਪਹਿਲਾਂ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ ।



6. ਸਿਟਰਸ ਕੈਂਕਰ ਰੋਕਣ ਲਈ ਸਟਰੈਪਟੋਸਾਈਕਲੀਨ 50 ਗ੍ਰਾਮ + 25 ਗ੍ਰਾਮ ਨੀਲਾ ਥੋਥਾ 500 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ । ਬੋਰਡੋ ਮਿਸ਼ਰਣ 2:2:250 ਜਾਂ 0.3% ਕੋਪਰ ਆਕਸੀਕਲੋਰਾਈਡ ਵੀ ਛਿੜਕਿਆ ਜਾ ਸਕਦਾ ਹੈ ।

7. ਨਿੰਬੂ ਜਾਤੀ ਵਿੱਚ ਗੂੰਦੀਆ (ਪੈਰ ਗਲਣਾ/ਹੇਠਾਂ ਤੋਂ ਪੈਰ ਦਾ ਗਲਣਾ) ਰੋਗ ਨੂੰ ਰੋਕਣ ਲਈ 25 ਗ੍ਰਾਮ ਕਰਜ਼ੇਟ ਐਮ-8 ਨੂੰ 10 ਲਿਟਰ ਪਾਣੀ ਪ੍ਰਤੀ ਬੂਟੇ ਦੇ ਹਿਸਾਬ ਨਾਲ ਬੂਟਿਆਂ ਦੇ ਆਲੇ-ਦੁਆਲੇ ਗੜੁੱਚ ਕਰੋ । ਇਸ ਤੋਂ ਇਲਾਵਾ ਇਸ ਦੀ ਰੋਕਥਾਮ ਲਈ ਸੋਡੀਅਮ ਹਾਈਪੋਕਲੋਰਾਈਟ (5%) 50 ਮਿ.ਲਿ. ਨੂੰ 10 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਬੂਟੇ ਦੇ ਹਿਸਾਬ ਨਾਲ ਮੁੱਢਾਂ ਅਤੇ ਛੱਤਰੀ ਹੇਠ ਜ਼ਮੀਨ ਉੱਪਰ ਛਿੜਕਿਆ ਜਾ ਸਕਦਾ ਹੈ ।

8. ਅੰਬਾਂ ਵਿੱਚ ਛੜੱਪਾ ਮਾਰ ਤੇਲੇ ਦੀ ਰੋਕਥਾਮ ਲਈ 800 ਮਿ.ਲਿ. ਮੈਲਾਥਿਆਨ 50 ਈ ਸੀ ਨੂੰ 500 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲਾ ਛਿੜਕਾਅ ਫਰਵਰੀ ਦੇ ਅੰਤ ਵਿੱਚ ਅਤੇ ਦੂਜਾ ਛਿੜਕਾਅ ਮਾਰਚ ਦੇ ਅੰਤ ਵਿਚ ਕਰੋ ।

9. ਅੰਬਾਂ ਵਿੱਚ ਚਿੱਟੋਂ ਦੀ ਰੋਕਥਾਮ ਲਈ ਇਸ ਮਹੀਨੇ ਕੈਰਾਥੇਨ 1.0 ਗ੍ਰਾਮ ਘੁਲਣਸ਼ੀਲ ਜਾਂ ਗੰਧਕ 2.5 ਗ੍ਰਾਮ ਜਾਂ 1.0 ਮਿ.ਲਿ. ਕੰਟਾਫ ਦਾ ਫੁੱਲ ਨਿਕਲਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਫੁੱਲ ਪੱਤੀਆਂ ਝੜਨ ਤੱਕ 10 ਦਿਨਾਂ ਦੇ ਵਕਫ਼ੇ ਤੇ ਛਿੜਕਾਅ ਕਰੋ ।

**ਸਜਾਵਟੀ ਬੂਟੇ**

1. ਪਤਝੜ ਰੁੱਤ ਦੇ ਸਜਾਵਟੀ ਬੂਟੇ (ਸਾਵਣੀ, ਨਿਰਗੂੰਡੀ, ਮਹਿੰਦੀ ਅਤੇ ਜਟਰੋਫਾ ਆਦਿ) ਫੁਟਾਰਾ ਪੈਣ ਤੋਂ ਪਹਿਲਾਂ ਵਿਉਂਤ ਕੀਤੀ ਗਈ ਜਗ੍ਹਾ ਉੱਪਰ ਟੋਏ ਪੁੱਟ ਕੇ ਲਗਾਏ ਜਾ ਸਕਦੇ ਹਨ ।

2. ਬੀਜ ਉਤਪਾਦਨ ਲਈ ਸਰਦ ਰੁੱਤ ਦੇ ਮੌਸਮੀ ਫੁੱਲਾਂ ਦੇ ਖੇਤ ਅਤੇ ਫੁੱਲਾਂ ਦੀਆਂ ਕਿਆਰੀਆਂ ਵਿੱਚੋਂ ਨਦੀਨ ਜਾਂ ਅਣਚਾਹੇ ਬੂਟੇ ਕੱਢ ਦਿਓ ।

3. ਗਰਮੀਆਂ ਵਿੱਚ ਫੁੱਲ ਦੇਣ ਵਾਲੇ ਗੰਢਿਆਂ ਵਾਲੇ ਬੂਟੇ (ਜਿਵੇਂ ਰਜਨੀਗੰਧਾ) ਬੀਜਣ ਦਾ ਇਹ ਢੁੱਕਵਾਂ ਸਮਾਂ ਹੈ ।

4. ਇਸ ਮਹੀਨੇ ਦੇ ਅਖੀਰ ਵਿੱਚ ਗਰਮੀਆਂ ਵਾਲੇ ਮੌਸਮੀ ਫੁੱਲ (ਕੋਚੀਆ, ਜੀਨੀਆ, ਦੁਪਹਿਰਖਿੜੀ ਅਤੇ ਕੌਸਮੌਸ ਆਦਿ) ਦੇ ਬੀਜ ਤੋਂ ਪਨੀਰੀ ਤਿਆਰ ਕਰਨ ਲਈ ਨਰਸਰੀ ਬੈੱਡਾਂ ਉੱਪਰ ਲਗਾਓ । ਨਰਸਰੀ ਬੈੱਡ ਉੱਪਰ ਤਿਆਰ ਹੋ ਰਹੀ ਪਨੀਰੀ ਨੂੰ ਬਾਅਦ ਦੁਪਹਿਰ ਦੀ ਧੁੱਪ ਲੱਗਣ ਤੋਂ ਪ੍ਰਹੇਜ਼ ਕਰੋ ।

5. ਰੁੱਖਾਂ ਅਤੇ ਝਾੜੀਆਂ ਦੀ ਨਵੀਂ ਪੌਦ ਲਗਾਉਣ ਲਈ ਜਗ੍ਹਾ ਦਾ ਸਰਵੇਖਣ ਅਤੇ ਵਿਉਂਤ ਕਰੋ ।

6. ਗੁਲਦਾਉਦੀ ਦੇ ਜੜ੍ਹੂੰਆਂ ਨੂੰ ਨਿਖੇੜ ਕੇ ਜ਼ਮੀਨ ਵਿੱਚ ਬੈੱਡਾਂ ਉੱਪਰ ਲਗਾਉਣ ਲਈ ਢੁੱਕਵਾਂ ਸਮਾਂ ਹੈ ।

7. ਘਾਹ ਲਗਾਉਣ ਲਈ ਵਿਉਂਤਬੰਦੀ ਕਰਕੇ ਜ਼ਮੀਨ ਦੀ ਤਿਆਰੀ ਕਰੋ ।

8. ਪੁਰਾਣੇ ਬੂਟਿਆਂ ਨੂੰ ਗਮਲਿਆਂ ਵਿੱਚੋਂ ਕੱਢ ਕੇ ਵੱਡੇ ਗਮਲਿਆਂ ਵਿੱਚ ਦੁਬਾਰਾ ਮਿੱਟੀ ਤੇ ਗਲੀ-ਸੜੀ ਰੂੜੀ ਦੀ ਖਾਦ ਦਾ ਮਿਸ਼ਰਣ ਬਣਾ ਕੇ ਲਗਾਉ ।

**ਵਣ ਖੇਤੀ**

**ਪਾਪਲਰ** : ਨਰਸਰੀ ਉਗਾਉਣ ਲਈ ਫਰਵਰੀ ਦੇ ਪਹਿਲੇ ਪੰਦਰਵਾੜੇ ਦੌਰਾਨ 50 ਸੈਂ. ਮੀ. × 50 ਸੈਂ. ਮੀ. ਜਾਂ



60 ਸੈਂ. ਮੀ. × 60 ਸੈਂ. ਮੀ. ਦੇ ਫਾਸਲੇ ਤੇ ਪਾਪਲਰ ਦੀਆਂ ਕਲਮਾਂ ਲਗਾਉ । ਇੱਕ ਸਾਲ ਦੇ ਬੂਟੇ ਤੋਂ 2-3 ਸੈਂ. ਮੀ. ਮੋਟੀਆਂ ਅਤੇ 20-25 ਸੈਂ. ਮੀ. ਲੰਬਾਈ ਦੀਆਂ ਕਲਮਾਂ ਤਿਆਰ ਕਰੋ । ਲਗਾਉਣ ਤੋਂ ਪਹਿਲਾਂ ਕਲਮਾਂ ਨੂੰ 24 ਘੰਟੇ ਵਾਸਤੇ ਤਾਜ਼ੇ ਪਾਣੀ ਵਿੱਚ ਭਿਉਂ ਦਿਉ । ਜ਼ਮੀਨ ਦੀ ਕਿਸਮ ਦੇ ਆਧਾਰ ਤੇ 8-12 ਟਨ ਗੋਹੇ ਦੀ ਖਾਦ, ਸਿੰਗਲ ਸੁਪਰਫਾਸਫੇਟ (40-80 ਕਿਲੋ) ਅਤੇ ਮਿਊਰੇਟ ਆਫ ਪੋਟਾਸ਼ (20-40 ਕਿਲੋਗ੍ਰਾਮ) ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ । ਝੋਨੇ ਦੀ ਪਰਾਲੀ 4 ਟਨ ਪ੍ਰਤੀ ਏਕੜ ਦੇ ਹਿਸਾਬ ਨਾਲ ਵਿਛਾਉਣ ਨਾਲ ਨਦੀਨਾਂ ਦੀ ਰੋਕਥਾਮ ਵਧੀਆ ਹੁੰਦੀ ਹੈ ।

**ਖੇਤ ਵਿੱਚ ਲੁਆਈ** : ਅੱਧ ਜਨਵਰੀ ਤੋਂ ਫ਼ਰਵਰੀ ਤੱਕ ਨੰਗੀ ਜੜ੍ਹ ਵਾਲੇ ਪਾਪਲਰ ਦੇ ਬੂਟਿਆਂ ਨੂੰ ਖਾਲੀਆਂ ਵਿੱਚ ਲਗਾਉ । ਖੇਤ ਵਿੱਚ ਬੂਟੇ 5 ਮੀਟਰ × 4 ਮੀਟਰ ਜਾਂ 8 ਮੀਟਰ × 2.5 ਮੀਟਰ ਦੇ ਫ਼ਾਸਲੇ ਤੇ ਅਤੇ ਕਤਾਰਾਂ ਉੱਤਰ-ਦੱਖਣ ਦੀ ਦਿਸ਼ਾ ਵਿੱਚ ਲਗਾਉ ਅਤੇ ਇਕਹਿਰੀ ਕਤਾਰ ਵਿੱਚ 3 ਮੀਟਰ ਦੇ ਫ਼ਾਸਲੇ ਤੇ ਬੂਟੇ ਤੋਂ ਬੂਟਾ ਲਗਾਉ । ਕੇਂਦਰੀ ਮੈਦਾਨੀ ਇਲਾਕਿਆਂ ਵਿੱਚ ਪੀ ਐੱਲ-1, ਪੀ ਐੱਲ-2, ਪੀ ਐੱਲ-3, ਪੀ ਐੱਲ-4, ਪੀ ਐੱਲ-5, ਐੱਲ-47/88 ਅਤੇ ਐਲ 48/89 ਕਿਸਮਾਂ ਢੁੱਕਵੀਆਂ ਹਨ, ਜਦਕਿ ਪੰਜਾਬ ਦੇ ਦੱਖਣੀ-ਪੱਛਮੀ ਭਾਗ ਵਿੱਚ ਪੀ ਐੱਲ-3, ਪੀ ਐੱਲ-6, ਪੀ ਐੱਲ-7 ਅਤੇ ਐਲ-48/89 ਕਿਸਮਾਂ ਵਧੀਆ ਹਨ । ਔਗਰ ਦੀ ਮਦਦ ਨਾਲ 15-20 ਸੈਂਟੀਮੀਟਰ ਵਿਆਸ ਦੇ ਟੋਏ ਬਣਾਉ । ਇਨ੍ਹਾਂ ਟੋਇਆਂ ਦੀ ਡੂੰਘਾਈ ਭਾਰੀਆਂ ਜ਼ਮੀਨਾਂ ਵਿੱਚ 75 ਸੈਂਟੀਮੀਟਰ ਅਤੇ ਹਲਕੀਆਂ ਜ਼ਮੀਨਾਂ ਵਿੱਚ 100 ਸੈਂਟੀਮੀਟਰ ਹੋਣੀ ਚਾਹੀਦੀ ਹੈ । ਬੂਟੇ ਲਗਾਉਣ ਤੋਂ ਪਹਿਲਾਂ 48 ਘੰਟੇ ਲਈ ਚੱਲਦੇ ਪਾਣੀ ਵਿੱਚ ਰੱਖ ਦਿਉ । ਟੋਏ ਵਿੱਚ ਬੂਟੇ ਰੱਖਣ ਤੋਂ ਬਾਅਦ ਟੋਏ ਨੂੰ ਉੱਪਰਲੀ ਮਿੱਟੀ ਅਤੇ ਰੂੜੀ ਦੀ ਖਾਦ (1:1), 110 ਗ੍ਰਾਮ ਯੂਰੀਆ ਅਤੇ 315 ਗ੍ਰਾਮ ਸਿੰਗਲ ਸੁਪਰਫਾਸਫੇਟ ਦੀ ਖਾਦ ਦੇ ਮਿਸ਼ਰਣ ਨਾਲ ਭਰ ਦਿਉ । ਪਾਪਲਰ ਦੀਆਂ ਤਿੰਨ ਸਾਲ ਤੋਂ ਘੱਟ ਉਮਰ ਦੀਆਂ ਪਲਾਂਟੇਸ਼ਨਾਂ ਵਿੱਚ ਗੰਨੇ ਦੀ ਬੀਜਾਈ ਅੱਧ ਫ਼ਰਵਰੀ ਵਿੱਚ ਕਰ ਦੇਣੀ ਚਾਹੀਦੀ ਹੈ ।

**ਸਫੈਦਾ** : ਸਫੈਦੇ ਦੇ ਬੀਜ ਨੂੰ ਧਰਤੀ ਤੋਂ ਉੱਚੀਆਂ ਕਿਆਰੀਆਂ ਤੇ ਕਤਾਰਾਂ ਵਿਚਕਾਰ 10 ਸੈਂਟੀਮੀਟਰ ਦੀ ਦੂਰੀ ਰੱਖ ਕੇ ਬੀਜ ਦਿਓ । ਇੱਕ ਵਰਗ ਮੀਟਰ ਲਈ 20 ਗਰਾਮ ਬੀਜ ਦੀ ਵਰਤੋਂ ਕਰੋ । ਘਾਹ ਦੇ ਬਣੇ ਹੋਏ ਛੱਪਰ ਨਾਲ ਢੱਕ ਦਿਓ ਅਤੇ ਲੋੜ ਅਨੁਸਾਰ ਪਾਣੀ ਦਾ ਛਿੜਕਾਅ ਕਰਦੇ ਰਹੋ ਤਾਂ ਮਿੱਟੀ ਦੀ ਉਪਰਲੀ ਸਤਹਿ ਗਿੱਲੀ ਰਹੇ । ਜਦੋਂ ਪੌਦੇ ਤਿੰਨ ਜਾਂ ਚਾਰ ਪੱਤੇ ਕੱਢ ਲੈਣ ਤਾਂ ਇਨ੍ਹਾਂ ਨੂੰ ਪੌਲੀਥੀਨ ਦੀਆਂ ਥੈਲੀਆਂ ਵਿੱਚ (9"×6") ਜਿਨ੍ਹਾਂ ਨੂੰ ਮਿੱਟੀ ਅਤੇ ਰੂੜੀ ਦੀ ਖਾਦ (1:1) ਨਾਲ ਭਰਿਆ ਹੋਵੇ ਉਨ੍ਹਾਂ ਥੈਲੀਆਂ ਵਿੱਚ ਲੱਗਾ ਦਿਓ ।

**ਸ਼ਹਿਦ ਦੀਆਂ ਮੱਖੀਆਂ ਪਾਲਣਾ** : ਅੱਧ ਫ਼ਰਵਰੀ ਤੱਕ ਸਰਦੀ ਕਾਫੀ ਘੱਟ ਜਾਂਦੀ ਹੈ । ਇਸ ਮਹੀਨੇ ਸਰ੍ਹੋਂ ਜਾਤੀ ਅਤੇ ਸਫੈਦੇ ਦਾ ਫੁੱਲ-ਫੁਲਾਕਾ ਕਾਫੀ ਮਿਲਦਾ ਹੈ । ਆੜੂ, ਨਾਸ਼ਪਾਤੀ ਅਤੇ ਨਿੰਬੂ ਜਾਤੀ ਦੇ ਰੁੱਖ ਵੀ ਫੁੱਲਾਂ ਤੇ ਹੁੰਦੇ ਹਨ । ਇਹ ਮਹੀਨਾ ਸ਼ਹਿਦ ਮੱਖੀ ਕਟੁੰਬਾਂ ਦੇ ਵਧਾਰੇ ਲਈ, ਅਤੇ ਸ਼ਹਿਦ ਮੱਖੀ ਪਾਲਣ ਦਾ ਕਿੱਤਾ ਸ਼ੁਰੂ ਕਰਨ ਲਈ ਵੀ ਬਹੁਤ ਹੀ ਸੁਖਾਵਾਂ ਅਤੇ ਢੁਕਵਾਂ ਹੈ । ਅੱਧ ਫ਼ਰਵਰੀ ਤੋਂ ਬਾਅਦ ਜੇਕਰ ਸਰਦੀ ਘੱਟ ਗਈ ਹੋਵੇ ਤਾਂ ਕਟੁੰਬ ਅੰਦਰੋਂ ਸਰਦੀ ਦੀ ਪੈਕਿੰਗ ਕੱਢ ਦਿਉ । ਹਾਈਵ ਦੀ ਸਫ਼ਾਈ ਕਰੋ । ਕਿਸੇ ਨਿੱਘੇ ਹਵਾ-ਬੰਦ ਵਾਲੇ ਦਿਨ ਦੁਪਹਿਰ ਵੇਲੇ ਕੁਟੰਬਾਂ ਦਾ ਖੁਰਾਕ, ਬਰੂਡ ਦੀ ਹੋਂਦ ਅਤੇ ਸਮੱਸਿਆ ਅਤੇ ਰਾਣੀ ਮੱਖੀ ਦੀ ਕਾਰ-ਗੁਜ਼ਾਰੀ ਸੰਬੰਧੀ ਨਿਰੀਖਣ ਕਰੋ । ਕਮਜ਼ੋਰ ਕਟੁੰਬਾਂ ਨੂੰ ਆਪਸ ਵਿੱਚ ਅਤੇ ਰਾਣੀ ਰਹਿਤ ਕਟੁੰਬਾਂ ਨੂੰ ਰਾਣੀ ਵਾਲੇ ਕਟੁੰਬਾਂ ਨਾਲ ਜੋੜ ਦਿਉ । ਲੋੜ ਹੋਵੇ ਤਾਂ ਖੰਡ ਦੇ ਘੋਲ ਦੀ ਉਤਸ਼ਾਹਕ ਖੁਰਾਕ (ਖੰਡ : ਪਾਣੀ = 1 : 2) ਦਿਉ । ਤਰਜੀਹ ਦੇ ਆਧਾਰ ਤੇ ਇਹ ਖੁਰਾਕ ਬਣੇ ਹੋਏ ਛੱਤਿਆਂ ਵਿੱਚ ਦਿਉ, ਵਰਨਾ ਇਹ ਖੁਰਾਕ ਡਵੀਜ਼ਨ-ਬੋਰਡ ਫੀਡਰ ਵਿੱਚ ਦਿਓ । ਰਾਣੀ ਮੱਖੀ ਦੀ ਅੰਡੇ ਦੇਣ ਅਤੇ ਕਾਮਾ ਮੱਖੀਆਂ ਦੇ ਕੰਮ ਦੀ ਰਫ਼ਤਾਰ



ਮੁਤਾਬਿਕ ਹੋਰ ਬਣੇ-ਬਣਾਏ ਛੱਤੇ ਜਾਂ ਕਾਮਾ ਬਰੂਡ ਸੈਲਾਂ ਦੇ ਪ੍ਰਿੰਟ ਵਾਲੀਆਂ ਮੋਮੀ ਸ਼ੀਟਾਂ ਲੱਗਾ ਕੇ ਫ਼ਰੇਮਾਂ ਦਿਉ । ਲੋੜ ਅਨੁਸਾਰ ਕਟੁੰਬਾਂ ਨੂੰ ਸੁਪਰ ਚੈਂਬਰ ਦਿਉ ਜਿਸ ਵਿੱਚ ਨਵੀਆਂ ਫਰੇਮਾਂ ਤੇ ਸ਼ਹਿਦ ਮੱਖੀਆਂ ਦੀ ਕਾਰਗੁਜ਼ਾਰੀ ਨੂੰ ਉਤਸ਼ਾਹਿਤ ਕਰਨ ਲਈ ਸ਼ਹਿਦ ਵਾਲੇ ਛੱਤੇ ਵੀ ਨਾਲ ਦਿਉ । ਸ਼ਹਿਦ ਮੱਖੀ ਫਾਰਮਾਂ ਦੇ ਸਾਰੇ ਕਟੁੰਬਾਂ ਨੂੰ ਪਰਾਗ ਅਤੇ ਸ਼ਹਿਦ, ਬਰੂਡ ਅਤੇ ਬਲਤਾ ਦੇ ਆਧਾਰ ਤੇ ਢੁਕਵੀਆਂ ਵਿਗਿਆਨਕ ਵਿਧੀਆਂ ਦੁਆਰਾ ਆਪਸ ਵਿੱਚ ਬਰਾਬਰ ਕਰੋ । ਬਰੂਡ ਨੂੰ ਬਾਹਰੀ ਪਰਜੀਵੀ ਚਿਚੜੀ (ਟਰੋਪੀਲੀਲੈਪਸ ਕਲੋਰੀ) ਦੇ ਹਮਲੇ ਤੋਂ ਬਚਾਉਣ ਲਈ ਛੱਤਿਆਂ ਦੇ ਉੱਪਰਲੇ ਡੰਡਿਆਂ ਉੱਪਰ ਸਲਫ਼ਰ ਦਾ ਧੂੜਾ ਇੱਕ ਗ੍ਰਾਮ ਪ੍ਰਤੀ ਛੱਤੇ ਦੇ ਹਿਸਾਬ ਨਾਲ ਧੂੜੋ । ਇਸ ਉਪਰਾਲੇ ਦੌਰਾਨ ਅੰਦਰਲਾ ਢੱਕਣ ਲਗਾਉਣਾ ਯਕੀਨੀ ਬਣਾਉ । ਢੁਕਵੇਂ ਬਦਲਾਅ ਦੇ ਤੌਰ ਤੇ ਫਾਰਮਿਕ ਐਸਿਡ (85%) 5 ਮਿਲੀਲਿਟਰ ਹਰ ਰੋਜ਼ ਦੇ ਹਿਸਾਬ ਨਾਲ ਲਗਾਤਾਰ ਦੋ ਹਫ਼ਤੇ ਵਰਤੋਂ । ਫਾਰਮਿਕ ਐਸਿਡ ਵਰੋਆ ਚਿਚੜੀ ਦੀ ਰੋਕਥਾਮ ਲਈ ਵੀ ਫ਼ਾਇਦੇਮੰਦ ਹੈ ਪਰ ਇਸ ਨੂੰ ਨੈਕਟਰ ਦੀ ਆਮਦ ਸਮੇਂ ਨਾ ਵਰਤੋਂ । ਵਰੋਆ ਚਿੱਚੜੀ ਦਾ ਜ਼ਿਆਦਾ ਹਮਲਾ ਹੋਣ ਦੀ ਸੂਰਤ ਵਿੱਚ ਸੀਲ ਡਰੋਨ ਬਰੂਡ ਵਾਲੇ ਛੱਤਿਆਂ ਨੂੰ ਕੱਟ ਕੇ ਨਸ਼ਟ ਕਰਨਾ, ਚਿੱਚੜੀ ਨੂੰ ਡਰੋਨ ਬਰੂਡ ਵਾਲੇ ਛੱਤਿਆਂ ਵਿੱਚ ਫਸਾ ਕੇ ਇਨ੍ਹਾਂ ਨੂੰ ਨਸ਼ਟ ਕਰਨਾ, ਮਹੀਨ ਪੀਸੀ ਖੰਡ ਮੱਖੀਆਂ ਉੱਪਰ ਦੇਰ ਸ਼ਾਮ ਨੂੰ ਧੂੜਨਾ, ਬੋਟਮ ਬੋਰਡ ਉੱਤੇ ਚਿਪਕਣ ਵਾਲਾ ਕਾਗਜ਼ (ਸਟਿੱਕਰ) ਰੱਖਣਾ, ਜਾਲੀਦਾਰ ਬੌਟਮ ਬੋਰਡ ਵਰਤਣਾ, ਆਦਿ ਗੈਰ ਰਸਾਇਣਕ ਤਰੀਕੇ ਇਸ ਚਿੱਚੜੀ ਦੀ ਰੋਕਥਾਮ ਵਾਸਤੇ ਸਹਾਈ ਹੁੰਦੇ ਹਨ । ਔਗਜੈਲਿਕ ਤੇਜਾਬ (60 ਪ੍ਰਤੀਸ਼ਤ ਖੰਡ ਅਤੇ ਪਾਣੀ ਦੇ ਘੋਲ ਵਿੱਚ 4.2 ਪ੍ਰਤੀਸ਼ਤ ਔਗਜੈਲਿਕ ਤੇਜਾਬ ਦਾ ਘੋਲ) ਦਾ 5 ਮਿ.ਲਿ. ਪ੍ਰਤੀ ਛੱਤੇ ਦੇ ਹਿਸਾਬ ਨਾਲ ਛੱਤਿਆਂ ਉੱਪਰ ਛਿੜਕਾਅ ਜਾਂ ਇਹੀ ਮਾਤਰਾ ਦੇ ਛੱਤਿਆਂ ਵਿਚਕਾਰ ਸਰਿੰਜ ਨਾਲ ਦੇਰ ਸ਼ਾਮ ਨੂੰ ਹਫ਼ਤੇ-ਹਫ਼ਤੇ ਦੇ ਵਕਫੇ ਤੇ ਤਿੰਨ ਵਾਰ ਪਾਉਣਾ ਇਸ ਚਿੱਚੜੀ ਤੋਂ ਰੋਕਥਾਮ ਲਈ ਸਹਾਈ ਹੁੰਦਾ ਹੈ । ਬਰੂਡ ਬਿਮਾਰੀਆਂ ਬਾਰੇ ਸੁਚੇਤ ਰਹੋ ਅਤੇ ਇਨ੍ਹਾਂ ਦੇ ਹੋਣ ਦੇ ਸ਼ੱਕ ਦੀ ਸੂਰਤ ਵਿੱਚ ਮਾਹਿਰਾਂ ਦੀ ਸਲਾਹ ਲਉ ਅਤੇ ਸੁਝਾਏ ਉਪਰਾਲੇ ਕਰੋ । ਗੈਰ-ਰਸਾਇਣਕ ਤਰੀਕਿਆਂ ਨੂੰ ਤਰਜੀਹ ਦਿਉ । ਐਂਟੀਬਾਇਟਿਕਾਂ ਦੀ ਵਰਤੋਂ ਤੋਂ ਪ੍ਰਹੇਜ਼ ਕਰੋ । ਫ਼ਰਵਰੀ ਅੰਤ ਵਿੱਚ, ਪੁਰਾਣੀਆਂ ਰਾਣੀਆਂ ਤਬਦੀਲ ਕਰਨ ਲਈ ਜਾਂ ਕਟੁੰਬਾਂ ਦੀ ਵੰਡ ਲਈ (ਗਿਣਤੀ ਵਧਾਉਣ ਲਈ) ਜਾਂ ਕਟੁੰਬਾਂ ਨੂੰ ਵੇਚਣ ਲਈ ਲੋੜੀਂਦੀਆਂ ਜ਼ਿਆਦਾ ਰਾਣੀ ਮੱਖੀਆਂ ਤਿਆਰ ਕਰਨ ਵਾਸਤੇ ਤਿਆਰੀ ਸ਼ੁਰੂ ਕੀਤੀ ਜਾ ਸਕਦੀ ਹੈ । ਰਾਣੀ ਮੱਖੀਆਂ ਤਿਆਰ ਕਰਨ ਲਈ ਤਰਜ਼ੀਹ ਦੇ ਤੌਰ ਤੇ ਵਧੇਰੇ ਸਮਕਾਲੀ ਰਾਣੀ ਮੱਖੀਆਂ ਤਿਆਰ ਕਰਨ ਦੀ ਡੂਲਿਟਲ ਤਕਨੀਕ ਅਪਣਾਓ ਅਤੇ ਗ੍ਰਾਫਟਿੰਗ ਲਈ ਕਾਮਾਂ ਸੁੰਡੀਆਂ ਚੋਣਵੇਂ ਮਿਆਰੀ ਕਟੁੰਬਾਂ ਤੋਂ ਹੀ ਲਵੋ । ਬਦਲ ਦੇ ਤੌਰ ਤੇ, ਇਸ ਮੰਤਵ ਲਈ, ਕੱਪ-ਕਿੱਟ ਸਿਸਟਮ ਵਰਤ ਸਕਦੇ ਹੋ ਜਿਸ ਵਿੱਚ ਹੱਥੀਂ ਸੁੰਡੀ ਗ੍ਰਾਫਟ ਕਰਨ ਦੀ ਲੋੜ ਨਹੀਂ ਹੁੰਦੀ । ਕਟੁੰਬਾਂ ਦੇ ਸਵਾਰਮ ਤੋਂ ਰੋਕਥਾਮ ਲਈ ਯੋਗ ਉਪਰਾਲੇ ਕਰੋ । ਜਿਨ੍ਹਾਂ ਪ੍ਰਵਾਸੀ ਸ਼ਹਿਦ-ਮੱਖੀ ਪਾਲਕਾਂ ਨੇ ਆਪਣੇ ਮੱਖੀ ਫਾਰਮ ਸਰ੍ਹੋਂ/ਰਾਇਆ ਤੇ ਲਾਏ ਹੋਣ, ਉਹ ਪੱਕਿਆ ਸ਼ਹਿਦ ਕੱਢ ਸਕਦੇ ਹਨ । ਇਸ ਤੋਂ ਬਾਅਦ ਸ਼ਹਿਦ ਮੱਖੀ ਕਟੁੰਬਾਂ ਦੀ ਸਫ਼ੈਦੇ ਤੋਂ ਸ਼ਹਿਦ ਲੈਣ ਲਈ ਹਿਜ਼ਰਤ ਦੀ ਤਿਆਰੀ ਕਰੋ ।

**ਪਸ਼ੂ-ਪਾਲਣ**

1. ਰਾਤ ਨੂੰ ਪਸ਼ੂਆਂ ਨੂੰ ਅੰਦਰ ਰੱਖੋ ਅਤੇ ਦਿਨੇ ਧੁੱਪ ਵਿੱਚ ਬੰਨੋ । ਜੇ ਲੋੜ ਪਵੇ ਤਾਂ ਸ਼ੈੱਡ ਦੇ ਪਾਸਿਆਂ ਉੱਤੇ ਪੱਲੀ ਵੀ ਲਾਈ ਜਾ ਸਕਦੀ ਹੈ । ਜ਼ਿਆਦਾ ਠੰਡ ਵਿੱਚ ਪਸ਼ੂਆਂ ਉੱਪਰ ਝੁੱਲ ਵੀ ਪਾਏ ਜਾ ਸਕਦੇ ਹਨ ।

2. ਪਸ਼ੂਆਂ ਦਾ ਦੁੱਧ ਚੋਣ ਤੋਂ ਬਾਅਦ ਥਣਾਂ ਉੱਪਰ ਦੁੱਧ ਨਾ ਲਗਾਉ । ਫਟੇ ਹੋਏ ਜਾਂ ਜ਼ਖਮੀ ਥਣਾਂ ਨੂੰ ਗਲਿਸਰੀਨ ਅਤੇ ਪੋਵੀਡੀਨ/ਬੀਟਾਡੀਨ (1:3) ਦੇ ਘੋਲ ਵਿੱਚ ਜਾਂ ਫਿਲਮਾਡੀਨ ਦਾ ਡੋਬਾ ਦੇ ਕੇ ਠੀਕ ਕੀਤਾ ਜਾ ਸਕਦਾ ਹੈ ।

3. ਨਵਜੰਮੇ ਕੱਟੜੂ/ਵੱਛੜੂ ਠੰਡ ਵਿੱਚ ਨਮੂਨੀਏ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਜ਼ਿਆਦਾ ਮੌਤਾਂ ਇਸ ਕਾਰਨ ਹੀ ਹੁੰਦੀਆਂ ਹਨ । ਉਹਨਾਂ ਹੇਠਾਂ ਸੁੱਕ ਵਿਛਾ ਕੇ ਨਿਘੇ ਰੱਖੋ ।

**ਬਾਕੀ ਸਫਾ 10 'ਤੇ**



# ਕੱਦੂ-ਜਾਤੀ ਦੀਆਂ ਸਬਜ਼ੀਆਂ ਦੀ ਸਫ਼ਲ ਕਾਸ਼ਤ ਕਿਵੇਂ ਕਰੀਏ

ਪਰਵਿੰਦਰ ਸਿੰਘ ਅਤੇ
ਪਰਮਿੰਦਰ ਸਿੰਘ ਸੰਧੂ,
ਫਾਰਮ ਸਲਾਹਕਾਰ ਸੇਵਾ ਕੇਂਦਰ,
ਤਰਨ ਤਾਰਨ
(ਮੋ. 81463-22553)

ਪੰਜਾਬ ਵਿੱਚ ਕੱਦੂ-ਜਾਤੀ (ਵੇਲਾਂ ਵਾਲੀਆਂ) ਦੀਆਂ ਸਬਜ਼ੀਆਂ ਦੀ ਸਿੱਧੀ ਬਿਜਾਈ ਕਰਨ ਲਈ ਫ਼ਰਵਰੀ-ਮਾਰਚ ਦਾ ਮਹੀਨਾ ਬਹੁਤ ਢੁੱਕਵਾਂ ਹੈ, ਪਰ ਜੇਕਰ ਜਨਵਰੀ ਤੋਂ ਬਾਅਦ ਫ਼ਰਵਰੀ ਮਹੀਨੇ ਵਿੱਚ ਵੀ ਜ਼ਿਆਦਾ ਠੰਢ ਪੈਂਦੀ ਹੈ ਤਾਂ ਬਿਜਾਈ ਅਲੱਗ ਟਰੇਆਂ ਵਿੱਚ ਕਰ ਕੇ ਤਿਆਰ ਬੂਟਿਆਂ ਨੂੰ ਠੰਢ ਖਤਮ ਹੋਣ ਤੋਂ ਬਾਅਦ ਖੇਤ ਵਿੱਚ ਲਾਇਆ ਜਾ ਸਕਦਾ ਹੈ। ਫ਼ਰਵਰੀ-ਮਾਰਚ ਤੋਂ ਇਲਾਵਾ ਘੀਆ ਕੱਦੂ, ਘੀਆ (ਕਾਲੀ) ਤੋਰੀ, ਕਰੇਲਾ, ਟੀਂਡਾ, ਪੇਠਾ, ਵੰਗਾ ਅਤੇ ਹਲਵਾ ਕੱਦੂ ਨੂੰ ਬਰਸਾਤ ਰੁੱਤ (ਜੂਨ-ਜੁਲਾਈ) ਵਿੱਚ ਵੀ ਬੀਜਿਆ ਜਾ ਸਕਦਾ ਹੈ। ਪੰਜਾਬ ਵਿੱਚ ਸਾਲ 2023-24 ਦੌਰਾਨ ਕੱਦੂ-ਜਾਤੀ ਦੀਆਂ ਸਬਜ਼ੀਆਂ ਹੇਠ ਰਕਬਾ 26.76 ਹਜ਼ਾਰ ਹੈਕਟੇਅਰ ਸੀ, ਜਿਸ ਤੋਂ ਕੁੱਲ ਪੈਦਾਵਾਰ 541.81 ਹਜ਼ਾਰ ਟਨ ਅਤੇ ਔਸਤ ਝਾੜ 202.46 ਕੁਇੰਟਲ ਪ੍ਰਤੀ ਹੈਕਟੇਅਰ ਹੋਇਆ। ਇਨ੍ਹਾਂ ਸਬਜ਼ੀਆਂ ਦੀਆਂ ਉੱਨਤ ਕਿਸਮਾਂ, ਬਿਜਾਈ ਦਾ ਸਮਾਂ, ਫਾਸਲਾ, ਬੀਜ ਅਤੇ ਖਾਦਾਂ ਦੀ ਮਾਤਰਾ ਆਦਿ ਦਾ ਵੇਰਵਾ ਇਸ ਪ੍ਰਕਾਰ ਹੈ :

| ਸਬਜ਼ੀ ਦਾ ਨਾਮ | ਉੱਨਤ ਕਿਸਮਾਂ/ਹਾਈਬ੍ਰਿਡ | ਬਿਜਾਈ ਦਾ ਸਮਾਂ | ਪਟੜੀਆਂ (ਬੈੱਡਾਂ) ਦੀ ਚੌੜਾਈ (ਮੀਟਰ) | ਬੂਟਿਆਂ ਦਾ ਫਾਸਲਾ (ਸੈਂਟੀਮੀਟਰ) | ਬੀਜ ਦੀ ਮਾਤਰਾ (ਕਿਲੋ/ ਏਕੜ) | ਖਾਦਾਂ ਦੀ ਮਾਤਰਾ (ਕਿਲੋ/ਏਕੜ)<br>(ੳ)* ਨਾਈਟ੍ਰੋਜਨ : ਫਾਸਫੋਰਸ : ਪੋਟਾਸ਼<br>(ਅ)** ਯੂਰੀਆ : ਸਿੰਗਲ ਸੁਪਰ ਫਾਸਫੇਟ : ਮਿਊਰੇਟ ਆਫ ਪੋਟਾਸ਼<br>(ੲ)*** ਯੂਰੀਆ : ਡੀ.ਏ.ਪੀ. : ਮਿਊਰੇਟ ਆਫ ਪੋਟਾਸ਼ | ਤੁੜਾਈ ਦਾ ਸਮਾਂ (ਦਿਨ) |
|---|---|---|---|---|---|---|---|
| ਖਰਬੂਜ਼ਾ | ਐੱਮ ਐੱਚ 51,<br>ਐੱਮ ਐੱਚ 27,<br>ਪੰਜਾਬ ਹਾਈਬ੍ਰਿਡ,<br>ਪੰਜਾਬ ਅੰਮ੍ਰਿਤ, ਪੰਜਾਬ ਸਾਰਦਾ,<br>ਪੰਜਾਬ ਸੁਨਹਿਰੀ, ਹਰਾ ਮਧੂ | ਅੱਧ ਫ਼ਰਵਰੀ | 3.0 | 60 | 400 ਗ੍ਰਾਮ | (ੳ) 50 : 25 : 25<br>(ਅ) 110 : 155 : 40<br>(ੲ) 90 : 55 : 40 | 65-70 |
| ਤਰਬੂਜ਼ | ਪੰਜਾਬ ਮਿਠਾਸ,<br>ਸ਼ੂਗਰ ਬੇਬੀ | ਅੱਧ ਜਨਵਰੀ-ਮਾਰਚ | 2.5-3.0 | 60 | 1.0-1.5 | (ੳ) 25 : 16 : 15<br>(ਅ) 55 : 100 : 25<br>(ੲ) 45 : 35 : 25 | 100 |
| ਚੱਪਣ ਕੱਦੂ | ਪੰਜਾਬ ਚੱਪਣ ਕੱਦੂ 1 | ਅੱਧ ਜਨਵਰੀ-ਮਾਰਚ | 1.25 | 45 | 2.0 | (ੳ) 40 : 20 : 15<br>(ਅ) 90 : 125 : 25<br>(ੲ) 70 : 45 : 25 | 60 |
| ਹਲਵਾ ਕੱਦੂ | ਪੀ ਪੀ ਐੱਚ 1,<br>ਪੀ ਏ ਯੂ ਮਗਜ਼ ਕੱਦੂ-1, ਪੰਜਾਬ ਨਵਾਬ,<br>ਪੰਜਾਬ ਸਮਰਾਟ | ਫ਼ਰਵਰੀ-ਮਾਰਚ,<br>ਜੂਨ-ਜੁਲਾਈ<br>(ਪੰਜਾਬ ਨਵਾਬ) | 2.0-2.5<br>(ਪੰਜਾਬ ਸਮਰਾਟ, ਪੰਜਾਬ ਨਵਾਬ)<br>1.5<br>(ਪੀ ਏ ਯੂ ਮਗਜ਼ ਕੱਦੂ 1, ਪੀ ਪੀ ਐੱਚ 1) | 60<br>(ਪੰਜਾਬ ਸਮਰਾਟ, ਪੰਜਾਬ ਨਵਾਬ)<br>45<br>(ਪੀ ਏ ਯੂ ਮਗਜ਼ ਕੱਦੂ 1, ਪੀ ਪੀ ਐੱਚ 1) | 1.0-1.5 | 40 ਕਿਲੋ ਨਾਈਟ੍ਰੋਜਨ (90 ਕਿਲੋ ਯੂਰੀਆ) | 70-90 |
| ਘੀਆ ਕੱਦੂ | ਪੰਜਾਬ ਬਹਾਰ,<br>ਪੰਜਾਬ ਬਰਕਤ,<br>ਪੰਜਾਬ ਲੌਂਗ,<br>ਪੰਜਾਬ ਕੋਮਲ | ਫ਼ਰਵਰੀ-ਮਾਰਚ<br>ਜੂਨ-ਜੁਲਾਈ | 2.0-2.5 | 45-60 | 2.0 | 28 ਕਿਲੋ ਨਾਈਟ੍ਰੋਜਨ (60 ਕਿਲੋ ਯੂਰੀਆ) | 60-70 |
| ਕਰੇਲਾ | ਪੰਜਾਬ ਕਰੇਲਾ 15,<br>ਪੰਜਾਬ ਝਾੜ ਕਰੇਲਾ 1,<br>ਪੰਜਾਬ ਕਰੇਲੀ 1,<br>ਪੰਜਾਬ 14 | ਫ਼ਰਵਰੀ-ਮਾਰਚ<br>ਜੂਨ-ਜੁਲਾਈ | 1.5<br>1.35<br>(ਪੰਜਾਬ ਝਾੜ ਕਰੇਲਾ-1) | 45<br>30<br>(ਪੰਜਾਬ ਝਾੜ ਕਰੇਲਾ-1) | 2.0 | (ੳ) 40 : 20 : 20<br>(ਅ) 90 : 125 : 35<br>(ੲ) 70 : 45 : 35 | 55-60 |
| ਕਾਲੀ ਤੋਰੀ | ਪੰਜਾਬ ਨਿਖਾਰ | ਅੱਧ ਫ਼ਰਵਰੀ-ਮਾਰਚ<br>ਅੱਧ ਮਈ-ਜੁਲਾਈ | 3.0 | 75-90 | 2.0 | (ੳ) 40 : 20 : 20<br>(ਅ) 90 : 125 : 35<br>(ੲ) 70 : 45 : 35 | 45-50 |
| ਪੇਠਾ | ਏ ਜੀ 3 | ਫ਼ਰਵਰੀ-ਮਾਰਚ,<br>ਜੂਨ-ਜੁਲਾਈ | 3.0 | 75-90 | 2.0 | (ੳ) 40 : 20 : 20<br>(ਅ) 90 : 125 : 35<br>(ੲ) 70 : 45 : 35 | 145-150 |
| ਖੀਰਾ | ਪੀ ਕੇ ਐੱਚ 11,<br>ਪੰਜਾਬ ਖੀਰਾ 1<br>ਪੰਜਾਬ ਨਵੀਨ | ਫ਼ਰਵਰੀ-ਮਾਰਚ | 2.5 | 45 | 1.0 | (ੳ) 40 : 20 : 20<br>(ਅ) 90 : 125 : 35<br>(ੲ) 70 : 45 : 35 | 50-70 |
| ਤਰ | ਪੰਜਾਬ ਲੌਂਗ ਮੈਲਨ 1 | ਫ਼ਰਵਰੀ-ਮਾਰਚ | 2.5 | 60 | 1.0 | (ੳ) 40 : 20 : 20<br>(ਅ) 90 : 125 : 35<br>(ੲ) 70 : 45 : 35 | 60-70 |
| ਟੀਂਡਾ | ਪੰਜਾਬ ਟੀਂਡਾ 1,<br>ਟੀਂਡਾ 48 | ਫ਼ਰਵਰੀ-ਮਾਰਚ<br>ਜੂਨ-ਜੁਲਾਈ | 1.5 | 45 | 1.2-1.5 | (ੳ) 40 : 20 : 20<br>(ਅ) 90 : 125 : 35<br>(ੲ) 70 : 45 : 35 | 55-60 |
| ਵੰਗਾ | ਪੰਜਾਬ ਤਰਵੰਗਾ 1,<br>ਪੰਜਾਬ ਵੰਗਾ 1 | ਫ਼ਰਵਰੀ-ਮਾਰਚ<br>ਜੂਨ-ਜੁਲਾਈ | 2.5 | 60 | 1.0 | (ੳ) 40 : 20 : 20<br>(ਅ) 90 : 125 : 35<br>(ੲ) 70 : 45 : 35 | 50-90 |

* ਫ਼ਸਲ ਨੂੰ ਲੋੜੀਂਦੇ ਨਾਈਟ੍ਰੋਜਨ, ਫਾਸਫੋਰਸ ਅਤੇ ਪੋਟਾਸ਼ ਤੱਤ ਦੀ ਮਾਤਰਾ ** ਉਪਰੋਕਤ ਲੋੜੀਂਦੇ ਤੱਤਾਂ ਦੀ ਪੂਰਤੀ ਲਈ ਯੂਰੀਆ, ਸਿੰਗਲ ਸੁਪਰ ਫਾਸਫੇਟ ਅਤੇ ਮਿਊਰੇਟ ਆਫ ਪੋਟਾਸ਼ ਖਾਦ ਦੀ ਮਾਤਰਾ
*** ਜੇਕਰ ਬਜ਼ਾਰ ਵਿੱਚ ਸਿੰਗਲ ਸੁਪਰ ਫਾਸਫੇਟ ਖਾਦ ਉਪਲੱਬਧ ਨਾ ਹੋਵੇ ਤਾਂ ਯੂਰੀਆ, ਡੀ.ਏ.ਪੀ. ਅਤੇ ਮਿਊਰੇਟ ਆਫ ਪੋਟਾਸ਼ ਦੀ ਖਾਦ ਦੀ ਮਾਤਰਾ

# ਝੋਟੀਆਂ ਵਹਿੜੀਆਂ ਦੀ ਸਾਂਭ-ਸੰਭਾਲ

ਡਾ. ਰਮਨਦੀਪ ਸਿੰਘ ਬਰਾੜ, ਸ੍ਰੀ ਮੁਕਤਸਰ ਸਾਹਿਬ

**ਪਸ਼ੂਆਂ ਦੇ ਸਰੀਰਕ ਵਿਕਾਸ ਲਈ ਪਸ਼ੂ ਖੁਰਾਕ ਦੀ ਅਹਿਮ ਭੂਮਿਕਾ ਹੁੰਦੀ ਹੈ। ਪਸ਼ੂ ਖੁਰਾਕ ਵਿਚ ਹਰਾ ਚਾਰਾ ਅਤੇ ਵੰਡ ਸ਼ਾਮਿਲ ਹੁੰਦੇ ਹਨ। ਵਾਧੇ ਅਧੀਨ ਜਾਨਵਰਾਂ ਨੂੰ ਭਰਪੂਰ ਮਾਤਰਾ ਵਿਚ ਹਰੇ ਪੱਠੇ ਮਿਲਦੇ ਚਾਹੀਦੇ ਹਨ।**

ਝੋਟੀਆਂ ਵਹਿੜੀਆਂ ਡੇਅਰੀ ਫਾਰਮਿੰਗ ਦੇ ਧੰਦੇ ਦੀ ਜੜ੍ਹ ਹਨ। ਸਫਲ ਫਾਰਮਿੰਗ ਲਈ ਲਗਾਤਾਰ ਨਵੇਂ ਪਸ਼ੂ ਵੱਗ ਵਿਚ ਸ਼ਾਮਿਲ ਕਰਨੇ ਪੈਂਦੇ ਹਨ ਅਤੇ ਘੱਟ ਉਤਪਾਦਨ ਵਾਲੇ ਪਸ਼ੂਆਂ ਦੀ ਛਾਂਟੀ ਕਰਨੀ ਪੈਂਦੀ ਹੈ। ਜੇਕਰ ਅਸੀਂ ਆਪਣੀਆਂ ਝੋਟੀਆਂ/ਵਹਿੜੀਆਂ ਪੈਦਾ ਨਹੀਂ ਕਰਦੇ ਤਾਂ ਸਾਨੂੰ ਬਦਲਵੇਂ ਜਾਨਵਰ ਬਾਹਰੋਂ ਖ੍ਰੀਦਣੇ ਪੈਣਗੇ ਜੋ ਕਿ ਮਹਿੰਗਾ ਸੌਦਾ ਸਾਬਤ ਹੋ ਸਕਦਾ ਹੈ। ਆਮ ਤੌਰ ਤੇ ਕਿਸਾਨ ਛੋਟੇ ਬੱਚਿਆਂ ਦੀ ਉਦੋਂ ਤੱਕ



ਸਾਂਭ-ਸੰਭਾਲ ਕਰਦੇ ਪੈਂਦੇ ਹਨ ਜਦੋਂ ਤੱਕ ਉਹ ਦੁੱਧ ਚੁੰਘਦੇ ਹਨ ਅਤੇ ਉਸਤੋਂ ਬਾਦ ਉਹਨਾਂ ਦਾ ਬਣਦਾ ਖਿਆਲ ਨਹੀਂ ਰੱਖਿਆ ਜਾਂਦਾ। ਅਜਿਹੇ ਬੱਚੇ ਆਪਣੀ ਸਾਰੀ ਉਮਰ ਪੂਰੀ ਸਮਰਥਾ ਮੁਤਾਬਕ ਦੁੱਧ ਨਹੀਂ ਦੇ ਸਕਦੇ। ਚੰਗੀਆਂ ਕੱਟੀਆਂ ਵੱਛੀਆਂ ਦਾ ਅਰਥ ਹੈ ਕਿ ਸਾਡੇ ਕੋਲ ਚੰਗੇ ਦੁਧਾਰੂ ਪਸ਼ੂ ਹੋਣਗੇ ਜੋ ਜ਼ਿਆਦਾ ਬੱਚੇ ਦੇਣਗੇ ਅਤੇ ਜ਼ਿਆਦਾ ਦੁੱਧ ਉਤਪਾਦਨ ਹੋਵੇਗਾ। ਝੋਟੀਆਂ ਅਤੇ ਵਹਿੜਾਂ ਪਾਲਣ ਦਾ ਉਦੇਸ਼ ਸਿਰਫ ਬਦਲਵੇਂ ਪਸ਼ੂਆਂ ਦਾ ਹੀ ਨਹੀਂ ਹੈ ਸਗੋਂ ਜੇਕਰ ਸਾਡੇ ਕੋਲ ਵਧੀਆ ਪਸ਼ੂ ਹੋਣਗੇ ਤਾਂ ਉਹਨਾਂ ਨੂੰ ਅਸੀਂ ਸਿੱਧਾ ਹੀ ਵੇਚ ਸਕਦੇ ਹਾਂ। ਇਸ ਕਿੱਤੇ ਵਿਚ ਖੁਰਾਕ ਨੂੰ ਨਕਦ ਰਾਸ਼ੀ ਵਿੱਚੋਂ ਬਦਲਣ ਦਾ ਸਭ ਤੋਂ ਵਧੀਆ ਸਮਾਂ ਛੋਟੇ ਬੱਚਿਆਂ ਤੋਂ ਝੋਟੀਆਂ/ਵਹਿੜਾਂ ਬਨਣ ਤੱਕ ਦਾ ਹੈ। ਇਸ ਸਮੇਂ ਦੁੱਧ ਉਤਪਾਦਨ ਤੋਂ ਵੀ ਜ਼ਿਆਦਾ ਕਮਾਈ ਕੀਤੀ ਜਾ ਸਕਦਾ ਹੈ। ਇਸ ਤੋਂ ਇਲਾਵਾ ਚੰਗੀ ਸਾਂਭ ਸੰਭਾਲ ਦੇ ਸਿਰ ਤੇ ਇਕ ਪਸ਼ੂ ਤੋਂ ਵੱਧ ਤੋਂ ਵੱਧ ਸੂਏ ਲਏ ਜਾ ਸਕਦੇ ਹਨ। ਜਵਾਨ ਹੋ ਰਹੇ ਪਸ਼ੂਆਂ ਦੀ ਸਾਂਭ ਸੰਭਾਲ ਅਜਿਹੀ ਹੋਣੀ ਚਾਹੀਦੀ ਹੈ ਕਿ ਵਹਿੜੀਆਂ 15 ਮਹੀਨਿਆਂ ਦੀ ਉਮਰ ਤੱਕ ਜਵਾਨ ਹੋ ਕੇ 20 ਮਹੀਨਿਆਂ ਤੱਕ ਗੱਭਣ ਹੋਣ ਉਪਰੰਤ 30 ਮਹੀਨਿਆਂ ਦੀ ਉਮਰ ਤੱਕ ਪਹਿਲਾ ਬੱਚਾ ਪੈਦਾ ਕਰ ਦੇਣ। ਝੋਟੀਆਂ 20 ਮਹੀਨਿਆਂ ਦੀ ਉਮਰ ਤੱਕ ਜਵਾਨ ਹੋ ਕੇ 25 ਮਹੀਨਿਆਂ ਤੱਕ ਗੱਭਣ ਹੋਣ ਉਪਰੰਤ ਤਿੰਨ ਸਾਲ ਦੀ ਉਮਰ ਤੱਕ ਪਹਿਲਾ ਬੱਚਾ ਪੈਦਾ ਕਰ ਦੇਣ ਅਤੇ ਪਹਿਲੇ ਜਣੇਪੇ 2-3 ਮਹੀਨਿਆਂ ਤੱਕ ਦੁਬਾਰਾ ਹੇਹੇ ਵਿਚ ਆ ਜਾਣ।

ਇਹਨੇ ਪਸ਼ੂਆਂ ਦਾ ਭਾਰ ਇਹਨਾਂ ਦੀ ਉਮਰ ਨਾਲੋਂ ਵਿਕਾਸ ਦਾ ਜ਼ਿਆਦਾ ਵਧੀਆ ਮਾਪਦੰਡ ਹੈ। ਹੇਹੇ ਦੀਆਂ ਪਹਿਲੀਆਂ ਨਿਸ਼ਾਨੀਆਂ ਵੱਛੀਆਂ ਵਿਚੋਂ ਪੂਰੇ ਜਾਨਵਰ ਦੇ 40-60% ਭਾਰ ਅਤੇ ਝੋਟੀਆਂ ਵਿਚ 50-70% ਭਾਰ ਹੋਣ ਤੇ ਦਿਖਾਈ ਦਿੰਦੀਆਂ ਹਨ। ਜੇਕਰ ਸਾਡੀ ਸਾਂਭ-ਸੰਭਾਲ ਸਹੀ ਨਾ ਹੋਵੇ ਤਾਂ ਇਹ ਪਸ਼ੂ ਮਾਪਦੰਡ ਤੇ ਖਰੇ ਨਹੀਂ ਉੱਤਰਦੇ। ਜਿਹਨਾਂ ਜਾਨਵਰਾਂ ਦਾ ਭਾਰ ਨਿਰਧਾਰਤ ਸਮੇਂ ਵਿੱਚ ਇਹਨਾਂ ਮਾਪਦੰਡਾਂ ਮੁਤਾਬਕ ਪੂਰਾ ਨਾ ਹੁੰਦਾ ਹੋਵੇ ਤਾਂ ਉਹਨਾਂ ਦੇ ਗੱਭਣ ਹੋਣ ਦੇ ਆਸਾਰ ਘਟ ਜਾਂਦੇ ਹਨ ਅਤੇ ਸੂਣ ਉਪਰੰਤ ਵੀ ਦੁੱਧ ਅਤੇ ਫੈਟ ਦੀ ਮਾਤਰਾ ਅਨੁਵੰਸ਼ਿਕ ਸਮਰਥਾ ਅਨੁਸਾਰ ਪੂਰੀ ਨਹੀਂ ਹੁੰਦੀ। ਆਦਰਸ਼ ਹਾਲਤਾਂ ਵਿੱਚੋਂ ਇਹਨਾਂ ਪਸ਼ੂਆਂ ਦਾ ਭਾਰ ਹਰ ਰੋਜ 400-700 ਗ੍ਰਾਮ ਤੱਕ ਵਧਣਾ ਚਾਹੀਦਾ ਹੈ। ਜੇਕਰ ਪੂਰੀ ਸਾਂਭ-ਸੰਭਾਲ ਤੇ ਵੀ ਇਸ ਮੁਤਾਬਕ ਵਜਨ ਨਾ ਵਧ ਰਿਹਾ ਹੋਵੇ ਤਾਂ ਮੁੱਖ ਕਾਰਨ ਪੇਟ ਅਤੇ ਜਿਗਰ ਦੇ ਕੀੜੇ ਹੋ ਸਕਦੇ ਹਨ। ਇਸ ਕਰਕੇ ਆਪਣੇ ਵੱਗ ਦੇ ਸਾਰੇ ਹੀ ਪਸ਼ੂਆਂ ਹੀ ਹਰ ਤਿੰਨ ਮਹੀਨੇ ਬਾਦ ਪੇਟ ਅਤੇ ਜਿਗਰ ਦੇ ਕੀੜੇ ਮਾਰਨ ਲਈ ਦਵਾਈ ਦਿੰਦੇ ਰਹਿਣਾ ਚਾਹੀਦਾ ਹੈ। ਚੰਗੀ ਖੁਰਾਕ ਖਾਣ ਵਾਲੇ ਪਸ਼ੂਆਂ ਦਾ ਹੀ ਸਹੀ ਵਿਕਾਸ ਹੁੰਦਾ ਹੈ ਅਤੇ ਉਹ ਬਿਮਾਰੀਆਂ ਤੇ ਖੁਰਾਕੀ ਤੱਤਾਂ ਦੀ ਘਾਟ ਦੇ ਸ਼ਿਕਾਰ ਨਹੀਂ ਹੁੰਦੇ। ਇਹਨਾਂ ਪਸ਼ੂਆਂ ਤੇ ਬਾਹਰੀ ਪਰਜੀਵੀਆਂ ਜਿਵੇਂ ਜੂੰਆਂ, ਚਿੱਚੜ ਆਦਿ ਦਾ ਵੀ ਹਮਲਾ ਹੋ ਸਕਦਾ ਹੈ। ਇਹ ਜੀਵ ਪਸ਼ੂਆਂ ਦਾ ਖੂਨ ਚੂਸਦੇ ਹਨ ਜਿਸ ਨਾਲ ਵਾਧੇ ਤੇ ਬਹੁਤ ਅਸਰ ਹੁੰਦਾ ਹੈ। ਇਸ ਕਰਕੇ ਬਾਹਰੀ ਪਰਜੀਵੀਆਂ ਨੂੰ ਮਾਰਨ ਵਾਲੀਆਂ ਦਵਾਈਆਂ ਦਾ ਛਿੜਕਾਅ ਵੀ ਲਗਾਤਾਰ ਕਰਦੇ ਰਹਿਣਾ ਚਾਹੀਦਾ ਹੈ। ਵਿਕਾਸ ਅਤੇ ਵਾਧੇ ਦੀ ਦਰ ਨੂੰ ਜਾਂਚਣ ਲਈ ਪਸ਼ੂਆਂ ਦਾ ਵਜ਼ਨ ਨਿਯਮਤ ਤੌਰ ਤੇ ਕਰਦੇ ਰਹਿਣਾ ਚਾਹੀਦਾ ਹੈ ਤਾਂ ਜੋ ਕਿਸੇ ਵੀ ਕਿਸਮ ਵੀ ਘਾਟ ਸਾਹਮਣੇ ਆਉਣ ਤੇ ਬਣਦੇ ਇੰਤਜ਼ਾਮ ਕੀਤੇ ਜਾ ਸਕਣ ਅਤੇ ਨੁਕਸਾਨ ਤੋਂ ਬੱਚਿਆ ਜਾ ਸਕੇ। ਵਹਿੜਾਂ ਅਤੇ ਝੋਟੀਆਂ ਨੂੰ ਸਾਂਭਣ ਲਈ ਚੰਗੇ ਸ਼ੈੱਡ ਦਾ ਵੀ ਪ੍ਰਬੰਧ ਕਰਨਾ ਚਾਹੀਦਾ ਹੈ। ਇਸ ਉਮਰ ਵਰਗ ਦੇ ਪਸ਼ੂਆਂ ਵਿਚ ਖੁਰਾਕ, ਪਾਣੀ, ਬੈਠਣ ਦੀ ਥਾਂ ਨੂੰ ਲੈ ਕੇ ਕਾਫੀ ਸੰਘਰਸ਼ ਹੁੰਦਾ ਹੈ। ਇਸ ਸੰਘਰਸ਼ ਵਿੱਚ ਕਈ ਵਾਰ ਜਾਨਵਰ ਇਕ ਦੂਜੇ ਨਾਲ ਲੜ ਕੇ ਜ਼ਖਮੀ ਵੀ ਕਰ ਸਕਦੇ ਹਨ। ਸੋ ਸ਼ੈੱਡ ਵਿਚ ਜਾਨਵਰਾਂ ਦੀ ਗਿਣਤੀ ਮੁਤਾਬਕ ਥਾਂ ਵੀ ਉਪਲਬਧ ਹੋਣੀ ਚਾਹੀਦੀ ਹੈ।

ਪਸ਼ੂਆਂ ਦੇ ਸਰੀਰਕ ਵਿਕਾਸ ਲਈ ਪਸ਼ੂ ਖੁਰਾਕ ਦੀ ਅਹਿਮ ਭੂਮਿਕਾ ਹੁੰਦੀ ਹੈ। ਪਸ਼ੂ ਖੁਰਾਕ ਵਿਚ ਹਰਾ ਚਾਰਾ ਅਤੇ ਵੰਡ ਸ਼ਾਮਿਲ ਹੁੰਦੇ ਹਨ। ਵਾਧੇ ਅਧੀਨ ਜਾਨਵਰਾਂ ਨੂੰ ਭਰਪੂਰ ਮਾਤਰਾ ਵਿਚ ਹਰੇ ਪੱਠੇ ਮਿਲਦੇ ਚਾਹੀਦੇ ਹਨ। ਹਰੇ ਪੱਠਿਆਂ ਵਿਚ ਕੁੱਲ ਪਚਣਯੋਗ ਤੱਤਾਂ ਦੀ ਮਾਤਰਾ 70-75% ਤੱਕ ਹੋਣੀ ਚਾਹੀਦੀ ਹੈ। ਇਹ ਤਾਂ ਹੀ ਸੰਭਵ ਹੈ ਜੇਕਰ ਅਸੀਂ ਹਰੇ ਚਾਰੇ ਦੀ ਸਹੀ ਸਮੇਂ 'ਤੇ ਕਟਾਈ ਕਰਦੇ ਪਸ਼ੂਆਂ ਨੂੰ ਚਾਰੀਏ। ਵਕਤ ਲੰਘਣ ਤੋਂ ਮਗਰੋਂ ਕੱਟੇ ਗਏ ਚਾਰੇ ਵਿਚ ਪਚਣਯੋਗ ਮਾਦਾ ਘੱਟ ਹੋਵੇਗਾ ਅਜਿਹਾ ਚਾਰਾ ਪੇਟ ਤਾਂ ਭਰ ਦੇਵੇਗਾ ਪਰ ਪੌਸ਼ਕ ਤੱਤਾਂ ਦੀ ਕਮੀ ਹੋ ਜਾਂਦੀ ਹੈ। ਜੇਕਰ ਸਾਡੇ ਕੋਲ ਤਾਜ਼ਾ ਹਰਾ ਚਾਰਾ ਉਪਲਬਧ ਨਾ ਹੋਵੇ ਤਾਂ ਪਹਿਲਾਂ ਤੋਂ ਤਿਆਰ ਕਰਕੇ ਰੱਖਿਆ ਗਿਆ ਹੇਅ ਅਤੇ ਪੱਠਿਆਂ ਦਾ ਅਚਾਰ ਵਰਤਿਆ ਜਾ ਸਕਦਾ ਹੈ। ਖਿਆਲ ਰੱਖਣ ਵਾਲੀ ਗੱਲ ਹੈ ਕਿ ਅਚਾਰ ਛੇ ਮਹੀਨਿਆਂ ਤੋਂ ਘੱਟ ਉਮਰ ਦੇ ਪਸ਼ੂਆਂ ਨੂੰ ਨਾ ਚਾਰਿਆ ਜਾਵੇ ਅਤੇ ਇਹ ਉੱਲੀ/ਗੰਦਗੀ ਤੋਂ ਰਹਿਤ ਹੋਣਾ ਚਾਹੀਦਾ ਹੈ। ਹਰੇ ਚਾਰੇ ਦੀ ਘਾਟ ਹੋਣ ਦੀ ਸੂਰਤ ਵਿਚ ਖੁਰਾਕੀ ਅੰਸ਼ਾਂ ਦੀ ਪੂਰਤੀ ਵੰਡ ਦੇ ਕੇ ਕੀਤੀ ਜਾ ਸਕਦੀ ਹੈ। ਜਾਨਵਰਾਂ ਦਾ ਸਭ ਤੋਂ ਅਹਿਮ ਪੌਸ਼ਕ ਤੱਤ ਪਾਣੀ ਹੈ। ਇਸ ਕਰਕੇ ਸਾਫ ਸੁੱਥਰਾ ਪਾਣੀ ਹਰ ਸਮੇਂ ਉਪਲਬਧ ਹੋਣਾ ਚਾਹੀਦਾ ਹੈ। ਪਾਣੀ ਵਾਲੀ ਖੇਲ ਕਾਈ ਆਦਿ ਤੋਂ ਰਹਿਤ ਹੋਣੀ ਚਾਹੀਦੀ ਹੈ।

ਸਰਦੀ ਦੀ ਰੁੱਤ ਵਿੱਚ ਪਸ਼ੂਆਂ ਹੇਠ ਤੂੜੀ, ਪਰਾਲੀ ਦੀ ਸੁੱਕ ਪਾ ਦੇਣੀ ਚਾਹੀਦੀ ਹੈ। ਲੋੜ ਮੁਤਾਬਕ ਹਵਾ ਰੋਧੀ ਪਰਦੇ ਵੀ ਵਰਤੇ ਜਾ ਸਕਦੇ ਹਨ। ਗਰਮੀ ਦੀ ਰੁੱਤ ਵਿੱਚ ਸ਼ੈੱਡ ਵਿੱਚ ਤਾਜ਼ੀ ਹਵਾ ਆਉਣ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਅਤੇ ਲੋੜ ਪੈਣ ਤੇ ਪੱਖਿਆਂ, ਕੂਲਰਾਂ ਦਾ ਪ੍ਰਬੰਧ ਹੋ ਜਾਵੇ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੈ। ਪਸ਼ੂ ਪਾਲਣ ਵਿਭਾਗ ਵੱਲੋਂ ਸਮੇਂ ਸਮੇਂ ਤੇ ਪਸ਼ੂਆਂ ਨੂੰ ਵੱਖ-ਵੱਖ ਬਿਮਾਰੀਆਂ ਤੋਂ ਬਚਾਉਣ ਲਈ ਟੀਕਾਕਰਣ ਕੀਤਾ ਜਾਂਦਾ ਹੈ। ਆਪਣੇ ਪਸ਼ੂਆਂ ਨੂੰ ਸਿਹਤਮੰਦ ਰੱਖਣ ਲਈ ਸਾਰੇ ਹੀ ਟੀਕੇ ਲਗਵਾਉਣੇ ਚਾਹੀਦੇ ਹਨ। ਕਿਸੇ ਵੀ ਹੰਗਾਮੀ ਹਾਲਤ ਨਾਲ ਨਜਿੱਠਣ ਲਈ ਨੇੜੇ ਦੀ ਪਸ਼ੂ ਸਿਹਤ ਸੰਸਥਾ ਨਾਲ ਤੁਰੰਤ ਹੀ ਤਾਲਮੇਲ ਕਰਨਾ ਚਾਹੀਦਾ ਹੈ।

ਬਾਕੀ ਸਫਾ 8 ਦੀ

# ਫਰਵਰੀ ਮਹੀਨੇ ਦੇ ਖੇਤੀ ਰੁਝੇਵੇਂ

4. ਕੱਟੜੂ/ਵਛੜੂਆਂ ਨੂੰ 6 ਮਹੀਨੇ ਦੀ ਉਮਰ ਤੱਕ ਹਰ ਮਹੀਨੇ ਦਵਾਈ ਬਦਲ-ਬਦਲ ਕੇ ਮਲੱਪ-ਰਹਿਤ ਕਰਦੇ ਰਹੋ ਅਤੇ ਉਹਨਾਂ ਨੂੰ ਸਾਫ਼ ਸੁਥਰੀ ਸੁੱਕੀ ਜਗ੍ਹਾ ਉੱਤੇ ਬੰਨ੍ਹੋ। ਬੱਚਿਆਂ ਨੂੰ ਇਕੱਲੇ ਦੁੱਧ ਦੀ ਬਜਾਏ ਘੱਟੋ-ਘੱਟ 2 ਮਹੀਨੇ ਕਾਫ ਸਟਾਰਟਰ ਫੀਡ ਨਾਲ ਪਾਲੋ। ਉਸ



ਤੋਂ ਬਾਅਦ ਫੀਡ ਨਾਲ ਥੋੜ੍ਹੇ-ਥੋੜ੍ਹੇ ਹਰੇ ਪੱਠੇ ਪਾਏ ਜਾ ਸਕਦੇ ਹਨ।

5. ਪਸ਼ੂਆਂ ਨੂੰ ਆਸ ਕਰਵਾਉਣ ਤੋਂ ਤਿੰਨ ਮਹੀਨੇ ਬਾਅਦ ਗਰਭ ਵਾਸਤੇ ਚੈੱਕ ਕਰਵਾਉ।
6. ਡੇਅਰੀ ਪਸ਼ੂਆਂ ਨੂੰ ਹਰੇ, ਪੁੰਗਰੇ ਹੋਏ, ਮਿੱਟੀ ਲੱਗੇ ਜਾਂ ਗਲ਼ੇ-ਸੜੇ ਆਲੂ ਨਾ ਪਾਉ। ਇਹ ਪਸ਼ੂਆਂ ਲਈ ਘਾਤਕ ਸਿੱਧ ਹੋ ਸਕਦੇ ਹਨ।
7. ਫਲੀਦਾਰ ਚਾਰਿਆਂ ਵਿੱਚ ਪ੍ਰੋਟੀਨ ਜ਼ਿਆਦਾ ਹੋਣ ਕਾਰਨ ਖੁਰਾਕ ਵਿੱਚ 40% ਤੱਕ ਅਨਾਜ ਦੀ ਵਰਤੋਂ ਕਰੋ ਅਤੇ ਖਲ਼ਾਂ ਦੀ ਮਾਤਰਾ ਘਟਾਈ ਜਾ ਸਕਦੀ ਹੈ।
8. ਫਾਲਤੂ ਫਲੀਦਾਰ ਚਾਰਿਆਂ ਨੂੰ ਸੁਕਾਅ ਕੇ ਹੇਅ ਬਣਾਓ ਜੋ ਕੱਟੜੂ/ਵੱਛੜੂਆਂ ਨੂੰ ਪਾਲਣ ਵਿੱਚ ਬਹੁਤ ਸਹਾਈ ਹੁੰਦੀ ਹੈ। ਪ੍ਰੋਟੀਨ ਦੀ ਮਾਤਰਾ ਵੱਧ ਹੋਣ ਹੇਅ ਦੀ ਵਰਤੋਂ ਖਲ਼ਾਂ ਦੀ ਜਗ੍ਹਾ ਕਿਸੇ ਹਦ ਤੱਕ ਕੀਤੀ ਜਾ ਸਕਦੀ ਹੈ।
9. ਪਸ਼ੂਆਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਇਲਾਕੇ ਦੇ ਵੈਟਨਰੀ ਡਾਕਟਰ ਦੀ ਸਲਾਹ ਅਨੁਸਾਰ ਟੀਕਾਕਰਨ ਕਰਵਾਓ।
10. ਬੰਨ੍ਹੇ ਹੋਏ ਪਸ਼ੂਆਂ ਵਿੱਚ ਖੁਰਾਂ ਨੂੰ ਖਰਾਬ ਹੋਣ ਤੋਂ ਬਚਾਉਣ ਲਈ ਮੈਟ ਦੀ ਵਰਤੋਂ ਕਰੋ।

**ਮੁਰਗੀ ਪਾਲਣ**

1. ਮੀਟ ਵਾਲੇ ਚੂਚੇ ਪਾਲਣ ਲਈ ਇਹ ਸਮਾਂ ਬਹੁਤ ਢੁਕਵਾਂ ਹੈ। ਆਂਡਿਆਂ ਵਾਲੇ ਚੂਚੇ ਪਾਉਣ ਲਈ ਪਹਿਲਾਂ ਹੀ ਵਿਉਂਤ ਬਣਾ ਲੈਣੀ ਚਾਹੀਦੀ ਹੈ ਅਤੇ ਚੂਚੇ ਕਿਸੇ ਭਰੋਸੇਯੋਗ ਹੈਚਰੀ ਤੋਂ ਲੈਣੇ ਚਾਹੀਦੇ ਹਨ।
2. ਚੂਚੇ ਖਰੀਦਣ ਸਮੇਂ ਉਨ੍ਹਾਂ ਨੂੰ



ਮੈਰਕਸ ਬਿਮਾਰੀ ਦੇ ਟੀਕੇ ਲੱਗਣੇ ਚਾਹੀਦੇ ਹਨ ਅਤੇ ਚੂਚੇ ਪਾਉਣ ਤੋਂ ਪਹਿਲਾਂ ਸ਼ੈੱਡ ਨੂੰ ਕੀਟਾਣੂ ਰਹਿਤ ਕਰ ਲੈਣਾ ਚਾਹੀਦਾ ਹੈ। ਚੂਚੇ ਪਹੁੰਚਣ ਉਪਰੰਤ ਪਹਿਲੇ 3 ਦਿਨ 5% ਗੁੜ ਜਾਂ ਖੰਡ ਦਾ ਕੋਸਾ ਗਰਮ ਘੋਲ ਦਿਓ।

3. ਸਰਦੀਆਂ ਵਿੱਚ ਫੱਕ ਦੀ ਤਹਿ ਮੋਟੀ ਕਰ ਦਿਓ ਜੋ ਇੱਕ ਫੁੱਟ ਤੱਕ ਵਧਾਈ ਜਾ ਸਕਦੀ ਹੈ।
4. ਚੂਚਿਆਂ ਨੂੰ ਸ਼ੁਰੂ ਤੋਂ ਹੀ ਲੋੜੀਂਦਾ ਤਾਪਮਾਨ ਦੇਵੋ। ਪਹਿਲੇ ਹਫ਼ਤੇ ਇਹ ਤਾਪਮਾਨ 95 ਡਿਗਰੀ ਫਾਰਨਹੀਟ ਹੋਣਾ ਚਾਹੀਦਾ ਹੈ ਅਤੇ ਹਰ ਹਫ਼ਤੇ 5 ਡਿਗਰੀ ਘਟਾਉਂਦੇ ਜਾਣਾ ਚਾਹੀਦਾ ਹੈ ਜਦੋਂ ਤੱਕ ਇਹ 70 ਡਿਗਰੀ ਨਹੀਂ ਹੋ ਜਾਂਦਾ। ਚੂਚੇ ਆਉਣ ਤੋਂ 24 ਘੰਟੇ ਪਹਿਲਾਂ ਬਰੂਡਰ ਚਾਲੂ ਕਰ ਦੇਣਾ ਚਾਹੀਦਾ ਹੈ।
5. ਚੂਚੇ ਆਉਣ ਤੋਂ ਪਹਿਲਾਂ ਵਿਛਾਈ ਹੋਈ ਸੁੱਕ ਉੱਪਰ ਅਖਬਾਰਾਂ ਵਿਛਾਓ ਅਤੇ ਉਹਨਾਂ ਉੱਪਰ ਮੱਕੀ ਦਾ ਦਲੀਆ ਪਾਓ ਕਿਉਂਕਿ ਇੱਕ ਦਿਨ ਉਮਰ ਦੇ ਚੂਚੇ ਫੀਡਰਾਂ ਵਿੱਚੋਂ ਫੀਡ ਨਹੀਂ ਲੱਭ ਸਕਦੇ।
6. ਪੰਛੀਆਂ ਨੂੰ ਲੋੜ ਮੁਤਾਬਕ ਸੰਤੁਲਿਤ ਖੁਰਾਕ ਦੇਣੀ ਚਾਹੀਦੀ ਹੈ।
7. ਚੂਚਿਆਂ ਨੂੰ ਸਮੇਂ ਸਿਰ ਮਲੱਪ ਰਹਿਤ ਕਰਨਾ ਚਾਹੀਦਾ ਹੈ।
8. ਸਮੇਂ-ਸਮੇਂ ਸਿਰ ਬਿਮਾਰ ਅਤੇ ਘੱਟ ਪੈਦਾਵਾਰ ਵਾਲੀਆਂ ਮੁਰਗੀਆਂ ਦੀ ਛਾਂਟੀ ਕਰ ਦੇਣੀ ਚਾਹੀਦੀ ਹੈ।
9. ਪੋਲਟਰੀ ਫਾਰਮ ਅੰਦਰ ਫਜ਼ੂਲ ਦੀ ਆਵਾਜਾਈ ਬੰਦ ਰੱਖੋ। ਫਾਰਮ ਅੰਦਰ ਜਾਣ ਵੇਲੇ ਸ਼ੂ ਕਵਰ ਪਾਓ।
10. ਪੰਛੀਆਂ ਨੂੰ ਬਾਰ-ਬਾਰ ਨਾ ਛੇੜੋ ਕਿਉਂਕਿ ਇਸ ਨਾਲ ਵਾਧਾ ਅਤੇ ਉਤਪਾਦਨ ਘੱਟ ਜਾਂਦਾ ਹੈ।

**ਖੁੰਬਾਂ ਦੀ ਕਾਸ਼ਤ**

1. ਇਸ ਮਹੀਨੇ ਦੌਰਾਨ ਬਟਨ ਖੁੰਬ ਦੀ ਫ਼ਸਲ ਦੀ ਤੁੜਾਈ ਜਾਰੀ ਰਹਿੰਦੀ ਹੈ।
2. ਬਟਨ ਖੁੰਬਾਂ ਨੂੰ ਖੁੱਲ੍ਹਣ ਤੋਂ ਪਹਿਲਾਂ ਉਸਦੇ ਉੱਪਰਲੇ ਸਿਰੇ (ਟੋਪੀ) ਨੂੰ ਪੋਲਾ ਜਿਹਾ ਘੁਮਾ ਕੇ ਤੁੜਾਈ ਕਰੋ।
3. ਖੁੰਬਾਂ ਦੇ ਬੈਗਾਂ ਵਿੱਚ ਨਮੀ ਬਰਕਰਾਰ ਰੱਖਣ ਲਈ (80-85 ਪ੍ਰਤੀਸ਼ਤ) ਲੋੜ ਅਨੁਸਾਰ ਦਿਨ ਵਿੱਚ ਇੱਕ ਜਾਂ ਦੋ ਵਾਰ ਪਾਣੀ ਦਾ ਛਿੜਕਾਅ ਕਰੋ। ਖੁੰਬ ਘਰ ਨੂੰ ਹਵਾਦਾਰ ਰੱਖਣ ਲਈ ਦਿਨ ਵਿੱਚ 4-6 ਘੰਟੇ ਲਈ ਖੁੱਲ੍ਹਾ ਰੱਖੋ।
4. ਢੀਂਗਰੀ ਖੁੰਬ ਦੇ ਕਿਨਾਰੇ ਜਦੋਂ ਅੰਦਰ ਨੂੰ ਮੁੜਨੇ ਸ਼ੁਰੂ ਹੋ ਜਾਂਦੇ ਹਨ ਤਾਂ ਉਸ ਸਮੇਂ ਉਸ ਦੀ ਤੁੜਾਈ ਵੀ ਕਰ ਲੈਣੀ ਚਾਹੀਦੀ ਹੈ।

# ਫ਼ਸਲੀ ਵਿਭਿੰਨਤਾ ਲਈ ਸਬਜ਼ੀਆਂ ਦਾ ਯੋਗਦਾਨ

> "ਪੰਜਾਬ ਵਿੱਚ ਝੋਨੇ-ਕਣਕ ਫ਼ਸਲੀ ਚੱਕਰ ਦੇ ਬਦਲ ਨੂੰ ਲੱਭਣ ਦੀ ਲੋੜ ਹੈ ਜੋ ਕਿ ਆਰਥਿਕ ਅਤੇ ਵਾਤਾਵਰਣ ਪੱਖੋਂ ਟਿਕਾਊ ਹੋਵੇ। ਸਬਜ਼ੀਆਂ ਵੱਧ ਝਾੜ ਦੇਣ ਵਾਲੀਆਂ, ਘੱਟ ਸਮੇਂ ਵਿੱਚ ਤਿਆਰ ਹੋਣ ਵਾਲੀਆਂ ਅਤੇ ਪਰਿਵਾਰ ਦੀਆਂ ਨਿੱਤ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਨਿਯਮਤ ਆਮਦਨ ਪ੍ਰਦਾਨ ਕਰਦੀਆਂ ਹਨ।"

**ਤਰਸੇਮ ਸਿੰਘ ਢਿੱਲੋਂ ਅਤੇ ਰੂਮਾ ਦੇਵੀ**
ਡਾਇਰੈਕਟੋਰੇਟ ਪਸਾਰ ਸਿੱਖਿਆ,
ਪੀ. ਏ. ਯੂ., ਲੁਧਿਆਣਾ
ਮੋਬਾਇਲ : 94640-37325

**ਝੋਨੇ-ਕਣਕ ਦੇ ਬਦਲ ਵਜੋਂ ਫ਼ਸਲੀ ਚੱਕਰ**

1. ਮਿਰਚ (ਅਪ੍ਰੈਲ ਦੇ ਅੰਤ ਵਿੱਚ ਬੂਟੇ ਲਗਾਓ)- -ਕਣਕ (ਅਕਤੂਬਰ-ਨਵੰਬਰ)

2. ਮੂਲੀ (ਅਪ੍ਰੈਲ, ਪੂਸਾ ਚੇਤਕੀ ਕਿਸਮ)- -ਘੀਆ ਕੱਦੂ/ਕਰੇਲਾ/ਪੇਠਾ ਕੱਦੂ/ਕਾਲੀ ਤੋਰੀ/ਖੀਰਾ/ਭਿੰਡੀ (ਜੂਨ-ਜੁਲਾਈ) - ਕਣਕ (ਅਕਤੂਬਰ-ਨਵੰਬਰ)

3. ਅਗੇਤੀ ਫੁੱਲਗੋਭੀ (ਜੂਨ-ਜੁਲਾਈ ਵਿੱਚ ਬੂਟੇ ਲਗਾਓ)- -ਕਣਕ (ਅਕਤੂਬਰ-ਨਵੰਬਰ)

4. ਆਲੂ (ਅਕਤੂਬਰ)- -ਪਛੇਤੀ ਫੁੱਲਗੋਭੀ (ਦਸੰਬਰ ਵਿੱਚ ਬੂਟੇ ਲਗਾਓ)---ਝੋਨਾ (ਜੂਨ)

5. ਆਲੂ (ਅਕਤੂਬਰ)- -ਭਿੰਡੀ/ਖਰਬੂਜਾ (ਫ਼ਰਵਰੀ-ਮਾਰਚ) - ਝੋਨਾ (ਜੂਨ)

6. ਸ਼ਿਮਲਾ ਮਿਰਚ ਨੀਵੀਂਆਂ ਸੁਰੰਗਾਂ ਹੇਠ (ਨਵੰਬਰ ਵਿੱਚ ਬੂਟੇ ਲਗਾਓ)---ਝੋਨਾ (ਜੂਨ)

7. ਅਗੇਤਾ ਮਟਰ (ਸਤੰਬਰ ਦੇ ਅੰਤ ਵਿੱਚ-ਅਕਤੂਬਰ) - ਰਬੀ ਦੇ ਪਿਆਜ਼ (ਜਨਵਰੀ ਦੀ ਪਹਿਲੇ ਪੰਦਰਵਾੜੇ ਵਿੱਚ ਬੂਟੇ ਲਗਾਓ)---ਝੋਨਾ (ਜੂਨ)

8. ਗਾਜਰ (ਸਤੰਬਰ)- -ਗਾਜਰਾਂ ਦੇ ਬੀਜ ਦੀ ਫ਼ਸਲ (ਦਸੰਬਰ)---ਝੋਨਾ (ਜੂਨ)

**ਸਿਰਫ਼ ਸਬਜ਼ੀਆਂ ਦਾ ਫ਼ਸਲੀ ਚੱਕਰ**

1. ਮਟਰ/ਗਾਜਰ (ਸਤੰਬਰ-ਅਕਤੂਬਰ) ... ਮਿਰਚ (ਫ਼ਰਵਰੀ-ਮਾਰਚ ਵਿੱਚ)

2. ਆਲੂ/ਗਾਜਰ (ਸਤੰਬਰ-ਅਕਤੂਬਰ) ... ਰਬੀ ਪਿਆਜ਼ (ਜਨਵਰੀ ਦੇ ਪਹਿਲੇ ਅੱਧ) ... ਭਿੰਡੀ/ਹਰੀ ਖਾਦ (ਜੂਨ)

3. ਆਲੂ (ਅਕਤੂਬਰ) ... ਦੇਰੀ ਫੁੱਲਗੋਭੀ (ਦਸੰਬਰ ਵਿੱਚ) ... ਮਿਰਚ (ਮਾਰਚ ਵਿੱਚ)

4. ਆਲੂ (ਅਕਤੂਬਰ) ... ਗਾਜਰ/ਮੂਲੀ (ਬੀਜ ਲਈ) (ਸਟੈਕਲਿੰਗ ਜਨਵਰੀ ਵਿੱਚ) ... ਭਿੰਡੀ (ਬੀਜ) ਜੂਨ

5. ਆਲੂ (ਸਤੰਬਰ) ... ਖਰਬੂਜਾ (ਫ਼ਰਵਰੀ) ... ਮੂਲੀ (ਜੂਨ)

6. ਸ਼ਿਮਲਾ ਮਿਰਚ/ਖੀਰਾ ਨੀਵੇਂ ਟਨਲਾਂ ਹੇਠ (ਨਵੰਬਰ-ਦਸੰਬਰ) ... ਲੌਂਕੀ / ਰਿਈ (ਜੂਨ-ਜੁਲਾਈ)

7. ਫੁੱਲਗੋਭੀ (ਸਤੰਬਰ) ... ਟਮਾਟਰ (ਦਸੰਬਰ) ... ਭਿੰਡੀ (ਜੂਨ)

**ਸੁਰੱਖਿਅਤ ਖੇਤੀ** : ਪੰਜਾਬ ਵਿੱਚ ਪੌਲੀ-ਨੈੱਟ ਹਾਊਸਾਂ ਹੇਠ ਸਬਜ਼ੀਆਂ ਦੀ ਖੇਤੀ ਵੱਧ ਰਹੀ ਹੈ, ਜਿਸ ਕਾਰਨ ਇਨ੍ਹਾਂ ਢਾਂਚਿਆਂ ਹੇਠ ਖੇਤਰ 400 ਏਕੜ ਤੋਂ ਵੱਧ ਹੋ ਗਿਆ ਹੈ। ਸੁਰੱਖਿਅਤ ਖੇਤੀ ਫ਼ਸਲ ਤੋਂ ਪੈਦਾਵਾਰ ਖੁੱਲ੍ਹੇ ਖੇਤਾਂ ਨਾਲੋਂ ਕਈ ਗੁਣਾ ਜ਼ਿਆਦਾ ਹੁੰਦੀ ਹੈ ਅਤੇ ਮਿਆਰ ਵੀ ਵਧੀਆ ਹੁੰਦੀ ਹੈ। ਪੰਜਾਬ ਵਿੱਚ ਵੱਧ ਝਾੜ ਅਤੇ ਚੰਗੇ ਮਿਆਰ ਦੀ ਸਬਜ਼ੀ ਖੁੱਲ੍ਹੇ ਖੇਤਾਂ ਵਿੱਚ ਪੈਦਾ ਕਰਨ ਲਈ ਮਾਰੂ ਵਾਤਾਵਰਣ ਇੱਕ ਰੁਕਾਵਟ ਹੈ। ਸੋ ਇਨ੍ਹਾਂ ਗੱਲਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਪੌਲੀਨੈੱਟ ਹਾਊਸ ਅਤੇ ਪੌਲੀ ਹਾਊਸ ਵਿੱਚ ਵੱਖ-ਵੱਖ ਸਬਜ਼ੀਆਂ ਦੀ ਖੇਤੀ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ। ਕੁੱਝ ਖੇਤਰਾਂ ਵਿੱਚ ਘੱਟ ਕੀਮਤ ਵਾਲੀਆਂ ਪੌਲੀ-ਸੁਰੰਗਾਂ ਜਾਂ ਖਾਈ ਕਿਸਮ ਦੇ ਪੌਲੀ ਹਾਊਸਾਂ ਦੀ ਵਰਤੋਂ ਵੀ ਪ੍ਰਚਲਿਤ ਹੈ। ਸੁਰੱਖਿਅਤ ਢਾਂਚਿਆਂ ਅੰਦਰ ਸਹੀ ਸਾਫ਼-ਸਫ਼ਾਈ ਨਾਲ ਬਿਮਾਰੀਆਂ ਅਤੇ ਕੀੜੇ-ਮਕੌੜਿਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਪੌਲੀ ਨੈੱਟਹਾਊਸ ਵਿੱਚ ਕਾਸ਼ਤ ਕੀਤੀਆਂ ਜਾਣ ਵਾਲੀਆਂ ਮੁੱਖ ਸਬਜ਼ੀਆਂ ਸ਼ਿਮਲਾ ਮਿਰਚ, ਟਮਾਟਰ, ਖੀਰਾ ਅਤੇ ਫਰਾਂਸ ਬੀਨ ਹਨ। ਪੌਲੀ ਨੈੱਟਹਾਊਸ ਵਿੱਚ ਟਮਾਟਰ ਦੀਆਂ ਪੰਜਾਬ ਸਵਰਨਾ, ਪੰਜਾਬ ਗੌਰਵ, ਪੰਜਾਬ ਸਰਤਾਜ, ਪੰਜਾਬ ਕੇਸਰ ਚੈਰੀ, ਪੰਜਾਬ ਸੋਨਾ ਚੈਰੀ, ਪੰਜਾਬ ਰੈਡ ਚੈਰੀ; ਸ਼ਿਮਲਾ ਮਿਰਚ ਦੀ ਪੀ ਐੱਸ ਐਮ-1, ਖੀਰੇ ਦੀ ਪੰਜਾਬ ਖੀਰਾ-1, ਪੀ.ਕੇ.ਐੱਚ-11 ਅਤੇ ਫਰਾਂਸ ਬੀਨ ਦੀ ਪੰਜਾਬ ਰੰਗਤ ਅਤੇ ਪੰਜਾਬ ਆਨੰਦ ਕਿਸਮਾਂ ਨੂੰ ਸਿਫਾਰਿਸ਼ ਕੀਤਾ ਗਿਆ ਹੈ।

**ਤਕਨੀਕੀ ਖੇਤੀ** : ਪਿਛਲੇ ਕੁੱਝ ਸਮੇਂ ਤੋਂ ਸਬਜ਼ੀਆਂ ਲਈ ਤੁਪਕਾ ਸਿੰਚਾਈ ਸਿਸਟਮ ਬਹੁਤ ਫਾਇਦੇਮੰਦ ਸਾਬਤ ਹੋ ਰਿਹਾ ਹੈ। ਪੰਜਾਬ ਵਿੱਚ ਪਾਣੀ ਦਾ ਪੱਧਰ ਘੱਟਣ ਕਾਰਨ, ਇਸ ਤਕਨੀਕ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਸਰਕਾਰ ਇਸ ਸਿਸਟਮ 'ਤੇ ਸਬਸਿਡੀ ਵੀ ਦੇ ਰਹੀ ਹੈ। ਲੇਜ਼ਰ ਲੇਬਲਰ ਮਸ਼ੀਨ ਨਾਲ ਜ਼ਮੀਨ ਨੂੰ ਪੱਧਰਾ ਕਰਨ ਨਾਲ ਪਾਣੀ ਅਤੇ ਖਾਦਾਂ ਦੀ ਸਹੀ ਵਰਤੋਂ ਹੁੰਦੀ ਹੈ। ਸੁਰੱਖਿਅਤ ਖੇਤੀ ਨਾਲ ਮੌਸਮ ਦੀ ਮਾਰ ਤੋਂ ਬਚਾਅ ਹੁੰਦਾ ਹੈ। ਪੀ.ਏ.ਯੂ. ਨੇ ਪਿਆਜ਼, ਮਟਰ, ਲਸਣ ਤੇ ਗਾਜਰ ਵਰਗੀਆਂ ਸਬਜ਼ੀਆਂ ਦੀ ਬਿਜਾਈ ਤੋਂ ਲੈ ਕੇ ਕਟਾਈ ਤੱਕ ਦੇ ਕੰਮਾਂ ਲਈ ਖਾਸ ਮਸ਼ੀਨਾਂ ਵੀ ਬਣਾਈਆਂ ਹਨ।

**ਸਬਜ਼ੀਆਂ ਦੇ ਦੋਗਲੇ ਬੀਜ ਪੈਦਾ ਕਰਨਾ** : ਮਿਆਰੀ ਬੀਜਾਂ ਦੀ ਉਪਲਬਧਤਾ ਸਬਜ਼ੀ ਉਤਪਾਦਕਾਂ ਦੀਆਂ ਪ੍ਰਮੁੱਖ ਸਮੱਸਿਆਵਾਂ ਵਿੱਚੋਂ ਇੱਕ ਹੈ। ਪੀ.ਏ.ਯੂ. ਨੇ ਪੰਜ ਸਬਜ਼ੀਆਂ ਦੀਆਂ ਦੋਗਲੀਆਂ ਕਿਸਮਾਂ ਬੀਜਣ ਦੀ ਸਿਫ਼ਾਰਸ਼ ਕੀਤੀ ਹੈ ਜਿਨ੍ਹਾਂ ਵਿੱਚ ਖਰਬੂਜੇ ਦੀ ਪੰਜਾਬ ਹਾਈਬ੍ਰਿਡ, ਐੱਮ ਐੱਚ-27 ਅਤੇ ਐੱਮ ਐੱਚ-51, ਮਿਰਚ ਦੀਆਂ ਸੀ ਐੱਚ-1, ਸੀ ਐੱਚ-3, ਸੀ-ਐੱਚ-27 ਅਤੇ ਸੀ ਐੱਚ-51, ਟਮਾਟਰ ਦੀ ਟੀ ਐੱਚ-1 ਅਤੇ ਪੀ ਟੀ ਐੱਚ-2, ਬੈਂਗਣ ਦੀਆਂ ਬੀ ਐੱਚ-2, ਪੀ ਬੀ ਐੱਚ-3, ਪੀ ਬੀ ਐੱਚ-4, ਪੀ ਬੀ ਐੱਚ-5, ਪੀ ਬੀ ਐੱਚ-6, ਪੀ ਬੀ ਐੱਚ ਆਰ-41 ਅਤੇ ਪੀ ਬੀ ਐੱਚ ਆਰ-42, ਹਲਵਾ ਕੱਦੂ ਦੀਆਂ ਪੀ ਪੀ ਐੱਚ-1 ਅਤੇ ਪੀ ਪੀ ਐੱਚ-2 ਅਤੇ ਪਿਆਜ਼ ਦੀ ਪੀ ਓ ਐੱਚ-1 ਹਨ। ਦੋਗਲੀ ਕਿਸਮ ਦਾ ਬੀਜ ਹਰ ਸਾਲ ਨਵਾਂ ਤਿਆਰ ਕੀਤਾ ਜਾਂਦਾ ਹੈ। ਕਿਸਾਨ ਹਾਈਬ੍ਰਿਡ ਬੀਜ ਉਤਪਾਦਨ ਦੇ ਧੰਦੇ ਨੂੰ ਖੇਤੀ ਆਮਦਨੀ ਦੇ ਵਾਧੇ ਲਈ ਉੱਦਮੀ ਵਜੋਂ ਅਪਣਾ ਸਕਦੇ ਹਨ।



**ਪਨੀਰੀ ਤਿਆਰ ਕਰਨਾ** : ਇਹ ਪੇਸ਼ਾ ਛੋਟੇ ਅਤੇ ਦਰਮਿਆਨੇ ਕਿਸਾਨਾਂ ਲਈ ਉੱਤਮ ਹੈ ਕਿਉਂਕਿ ਉਹ ਥੋੜ੍ਹੀ ਜ਼ਮੀਨ ਵਿੱਚੋਂ ਇਸ ਨਾਲ ਇੱਕ ਸਾਲ ਵਿੱਚ ਜ਼ਿਆਦਾ ਪਨੀਰੀ ਦੀਆਂ ਫ਼ਸਲਾਂ ਲੈ ਸਕੇ ਹਨ। ਬਹੁਤ ਸਾਰੀਆਂ ਸਬਜ਼ੀਆਂ ਜਿਵੇਂ ਕਿ ਟਮਾਟਰ, ਬੈਂਗਣ, ਮਿਰਚ, ਬੰਦ ਗੋਭੀ, ਫੁੱਲ ਗੋਭੀ, ਗੰਢ ਗੋਭੀ ਅਤੇ ਪਿਆਜ਼ ਪਨੀਰੀ ਦੁਆਰਾ ਉਗਾਏ ਜਾ ਸਕਦੇ ਹਨ। ਕੱਦੂ ਜਾਤੀ ਦੀਆਂ ਸਬਜ਼ੀਆਂ ਜਿਵੇਂ ਕਿ ਖਰਬੂਜਾ, ਖੀਰੇ, ਤਰਬੂਜ਼, ਚੱਪਣ ਕੱਦੂ, ਹਲਵਾ ਕੱਦੂ, ਕਰੇਲਾ ਅਤੇ ਘੀਆ ਕੱਦੂ ਆਦਿ ਦੀ ਪਨੀਰੀ ਉਗਾਉਣ ਲਈ ਵਿਸ਼ੇਸ਼ ਤਕਨੀਕ ਦੀ ਲੋੜ ਪੈਂਦੀ ਹੈ। ਇਨ੍ਹਾਂ ਸਬਜ਼ੀਆਂ ਦੀ ਪਨੀਰੀ ਸਿਧੀ ਪੁੱਟ ਕੇ ਖੇਤ ਵਿੱਚ ਨਹੀਂ ਲਾਈ ਜਾ ਸਕਦੀ ਇਸ ਕਰਕੇ ਉਨ੍ਹਾਂ ਨੂੰ ਪਹਿਲਾਂ ਪਲਾਸਟਿਕ ਦੇ ਥੈਲੇ ਵਿੱਚ ਉਗਾਇਆ ਜਾਂਦਾ ਹੈ ਅਤੇ ਫਿਰ ਖੇਤ ਵਿੱਚ ਲਗਾਇਆ ਜਾਂਦਾ ਹੈ। ਪਲਾਸਟਿਕ ਦੀਆਂ ਟਰੇਆਂ ਵਿੱਚ ਪਨੀਰੀ ਪੈਦਾ ਕਰਨ ਦੇ ਢੰਗ ਨੇ ਵੀ ਵਿਲੱਖਣ ਪ੍ਰਸਿੱਧੀ ਹਾਸਲ ਕੀਤੀ ਹੈ। ਇਨ੍ਹਾਂ ਟਰੇਆਂ ਵਿੱਚ ਪੌਦਿਆਂ ਦਾ ਵਾਧਾ ਜਲਦੀ ਹੁੰਦਾ ਹੈ ਅਤੇ ਪਨੀਰੀ ਨੂੰ ਲੰਬੀ ਦੂਰੀ ਤੱਕ ਪਹੁੰਚਾਇਆ ਜਾ ਸਕਦਾ ਹੈ।

**ਪ੍ਰੋਸੈਸਿੰਗ ਉਦਯੋਗ** : ਪ੍ਰੋਸੈਸਿੰਗ ਨਾਲ ਕਈ ਸਬਜ਼ੀਆਂ ਦੀ ਪੌਸ਼ਟਿਕ ਗੁਣਵੱਤਾ ਵੀ ਵੱਧ ਜਾਂਦੀ ਹੈ। ਇਹ ਤਰੀਕਾ ਕਿਸਾਨਾਂ ਦੀ ਆਮਦਨ ਵਧਾਉਂਦਾ ਹੈ, ਪਿੰਡਾਂ ਵਿੱਚ ਲੋਕਾਂ ਨੂੰ ਕੰਮ ਮਿਲਦਾ ਹੈ ਅਤੇ ਵਿਦੇਸ਼ਾਂ ਵਿੱਚ ਵੀ ਸਬਜ਼ੀਆਂ ਭੇਜ ਕੇ ਪੈਸਾ ਕਮਾਇਆ ਜਾ ਸਕਦਾ ਹੈ, ਜਿਸ ਨਾਲ ਸਬਜ਼ੀਆਂ ਦੀ ਖੇਤੀ ਲਾਹੇਵੰਦ ਬਣਦੀ ਹੈ। ਦੇਸ਼ ਵਿੱਚ ਹੁਣ ਡੱਬਾਬੰਦ ਜਾਂ ਪ੍ਰੋਸੈਸ ਕੀਤੀਆਂ ਸਬਜ਼ੀਆਂ ਅਤੇ ਫ਼ਲਾਂ ਦੀ ਮੰਗ ਬਹੁਤ ਵੱਧ ਗਈ ਹੈ, ਪਰ ਅਜੇ ਪ੍ਰੋਸੈਸਿੰਗ ਘੱਟ ਹੋ ਰਹੀ ਹੈ। ਸਬਜ਼ੀਆਂ ਨੂੰ ਸਾਂਭਣ ਲਈ ਕਈ ਤਕਨੀਕਾਂ ਵਰਤੀਆਂ ਜਾਂਦੀਆਂ ਹਨ, ਜਿਵੇਂ ਕਿ ਗਰਮੀ ਨਾਲ ਸਾਂਭਣਾ (ਬੋਤਲਾਂ/ਡੱਬਿਆਂ ਵਿੱਚ ਪੈਕ ਕਰਨਾ), ਫਰੀਜ਼ ਕਰਨਾ, ਸੁਕਾਉਣਾ ਅਤੇ ਖਮੀਰ ਲਗਾਉਣਾ (ਅਚਾਰ ਵਾਂਗ)। ਭਾਵੇਂ ਦੇਸ਼ ਵਿੱਚ ਮੌਜੂਦਾ ਸਹੂਲਤਾਂ ਸਿਰਫ਼ ਥੋੜ੍ਹੀ ਜਿਹੀ ਫ਼ਸਲ ਨੂੰ ਹੀ ਸਾਂਭ ਸਕਦੀਆਂ ਹਨ, ਪਰ ਇਹ ਇੱਕ ਚੰਗੀ ਸ਼ੁਰੂਆਤ ਹੈ, ਜਿਸ ਨਾਲ ਸਬਜ਼ੀ ਖੇਤਰ ਦਾ ਵਿਕਾਸ ਯਕੀਨੀ ਤੌਰ 'ਤੇ ਤੇਜ਼ ਹੋਵੇਗਾ। ਪ੍ਰੋਸੈਸਿੰਗ ਲਈ ਖਾਸ ਕਰਕੇ ਟਮਾਟਰ, ਆਲੂ, ਮਿਰਚ, ਮਟਰ, ਗਾਜਰ, ਪਿਆਜ਼ ਅਤੇ ਪੇਠਾ (ਕੱਦੂ) ਦੀ ਜ਼ਿਆਦਾ ਮੰਗ ਹੈ। ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਖੇਤਾਂ ਦੇ ਨੇੜੇ ਵਾਲੀਆਂ ਪ੍ਰੋਸੈਸਿੰਗ ਫੈਕਟਰੀਆਂ ਜਾਂ ਯੂਨਿਟਾਂ ਨਾਲ ਪੱਕਾ ਸਮਝੌਤਾ ਕਰਨ ਤੋਂ ਬਾਅਦ ਹੀ, ਖਾਸ ਤੌਰ 'ਤੇ ਪ੍ਰੋਸੈਸਿੰਗ ਲਈ ਮੰਗੀਆਂ ਜਾਂਦੀਆਂ ਇਨ੍ਹਾਂ ਸਬਜ਼ੀਆਂ ਦੀ ਖੇਤੀ ਕਰਨ। ਪ੍ਰੋਸੈਸਿੰਗ ਦੇਸ਼ ਦੇ ਵਿਕਾਸ ਲਈ ਮਹੱਤਵਪੂਰਨ ਹੈ ਕਿਉਂਕਿ ਇਹ ਉਦਯੋਗ ਅਤੇ ਖੇਤੀਬਾੜੀ ਵਿਚਕਾਰ ਮਹੱਤਵਪੂਰਣ ਸੰਬੰਧ ਅਤੇ ਤਾਲਮੇਲ ਸਥਾਪਤ ਕਰਦਾ ਹੈ ਅਤੇ ਖੇਤੀ ਵਿਭਿੰਨਤਾ ਦੇ ਨਵੇਂ ਮੌਕੇ ਪੈਦਾ ਕਰਦਾ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਵੱਖ-ਵੱਖ ਸਬਜ਼ੀਆਂ ਵਿੱਚ ਪ੍ਰੋਸੈਸਿੰਗ ਲਈ ਕਿਸਮਾਂ ਅਤੇ ਹਾਇਬ੍ਰਿਡ ਕਿਸਮਾਂ ਦੀ ਸਿਫ਼ਾਰਿਸ਼ ਕੀਤੀ ਗਈ ਹੈ ਜਿਵੇਂ ਕਿ ਟਮਾਟਰ (ਟੀ ਐਚ-1, ਪੀ. ਟੀ. ਐਚ-2, ਪੰਜਾਬ ਰੱਤਾ), ਮਿਰਚ (ਸੀ.ਐਚ.-27, ਸੀ.ਐਚ.-1, ਪੰਜਾਬ ਤੇਜ), ਗਾਜਰ (ਪੰਜਾਬ ਬਲੈਕ ਬਿਊਟੀ, ਪੀਸੀ.-161, ਪੀਸੀ.ਪੀ-2 ਅਤੇ ਪੀ.ਸੀ.ਵਾਈ-2), ਭਿੰਡੀ (ਪੰਜਾਬ-8), ਹਲਕਾ ਕੱਦੂ (ਪੰਜਾਬ ਮਗਜ਼ ਕੱਦੂ-1) ਆਲੂ (ਕੁਫਰੀ ਫਰਾਈਸੋਨਾ, ਕੁਫਰੀ ਚਿਪਸੋਨਾ-1, ਕੁਫਰੀ ਚਿਪਸੋਨਾ-3) ਅਤੇ ਹਲਦੀ (ਪੰਜਾਬ ਹਲਦੀ-1, ਪੰਜਾਬ ਹਲਦੀ-2)।

**ਸਬਜ਼ੀਆਂ ਦਾ ਨਿਰਯਾਤ** : ਭਾਰਤ ਸਬਜ਼ੀਆਂ ਵਿੱਚ ਦੁਨੀਆਂ ਦਾ ਸਭ ਤੋਂ ਵੱਡਾ ਨਿਰਯਾਤਕ ਦੇਸ਼ ਬਣ ਸਕਦਾ ਹੈ। ਬੰਗਲਾਦੇਸ਼, ਯੂ ਏ ਈ, ਨੀਦਰਲੈਂਡ, ਨੇਪਾਲ, ਮਲੇਸ਼ੀਆ, ਯੂਕੇ, ਸ੍ਰੀਲੰਕਾ, ਓਮਾਨ ਅਤੇ ਕਤਰ ਦੇਸ਼ਾਂ ਨੂੰ ਸਬਜ਼ੀਆਂ ਦਾ ਨਿਰਯਾਤ ਕੀਤਾ ਜਾਂਦਾ ਹੈ। ਹਾਲਾਂਕਿ ਵਿਸ਼ਵ ਮੰਡੀ ਵਿੱਚ ਭਾਰਤ ਦੀ ਹਿੱਸੇਦਾਰੀ ਅਜੇ ਤੱਕ ਸਿਰਫ਼ 1 ਪ੍ਰਤੀਸ਼ਤ ਹੈ, ਪ੍ਰੰਤੂ ਸਬਜ਼ੀਆਂ ਦੀ ਮੰਗ ਵਿੱਚ ਵਾਧਾ ਹੋਇਆ ਹੈ। ਭਾਰਤ ਤੋਂ ਸਭ ਤੋਂ ਜ਼ਿਆਦਾ ਜਿਨ੍ਹਾਂ ਸਬਜ਼ੀਆਂ ਨੂੰ ਨਿਰਯਾਤ ਕੀਤਾ ਜਾਂਦਾ ਹੈ ਉਹ ਹਨ ਪਿਆਜ਼, ਫੁੱਲ ਗੋਭੀ, ਬੰਦ ਗੋਭੀ, ਭਿੰਡੀ, ਆਲੂ, ਟਮਾਟਰ, ਮਟਰ ਅਤੇ ਹਰੀ ਮਿਰਚ।

**ਜੈਵਿਕ ਖੇਤੀ** : ਜੈਵਿਕ ਖੇਤੀ ਵਿੱਚ ਕਿਸੇ ਵੀ ਤਰ੍ਹਾਂ ਦੇ ਰਸਾਇਣ ਵਰਤਣ ਦੀ ਮਨਾਹੀ ਹੈ ਅਤੇ ਇਸ ਵਿੱਚ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ ਅਤੇ ਫ਼ਸਲਾਂ ਨੂੰ ਲੋੜੀਂਦੇ ਖੁਰਾਕੀ ਤੱਤਾਂ ਦੀ ਪੂਰਤੀ ਲਈ ਫ਼ਸਲੀ ਚੱਕਰਾਂ, ਫ਼ਸਲਾਂ ਦੀ ਰਹਿੰਦ-ਖੂੰਹਦ, ਰੂੜ੍ਹੀ ਦੀ ਖਾਦ, ਕੰਪੋਸਟ, ਫ਼ਲੀਦਾਰ ਫ਼ਸਲਾਂ ਅਤੇ ਹਰੀ ਖਾਦ ਦੀ ਵਰਤੋਂ ਕੀਤੀ ਜਾਂਦੀ ਹੈ। ਫ਼ਸਲਾਂ ਦੀਆਂ ਬਿਮਾਰੀਆਂ ਅਤੇ ਕੀਟ ਪ੍ਰਬੰਧ ਲਈ ਬਾਇਓ ਕੀਟਨਾਸ਼ਕਾਂ ਅਤੇ ਬਾਇਓ ਉੱਲੀਨਾਸ਼ਕਾਂ ਆਦਿ ਤੇ ਨਿਰਭਰ ਕਰਨਾ ਪੈਂਦਾ ਹੈ। ਜੈਵਿਕ ਖੇਤੀ ਦੀ ਮਹੱਤਤਾ ਭਾਰਤ ਵਿੱਚ ਲਗਾਤਾਰ ਵੱਧਦੀ ਜਾ ਰਹੀ ਹੈ। ਇਸ ਤਬਦੀਲੀ ਦਾ ਮੁੱਖ ਕਾਰਨ ਲੋਕਾਂ ਦੀ ਸਿਹਤ ਪ੍ਰਤੀ ਜਾਗਰੂਕ ਹੋਣਾ ਹੈ। ਜੈਵਿਕ ਉਤਪਾਦਾਂ ਦੀ ਮੰਗ ਬਹੁਤ ਜ਼ਿਆਦਾ ਵੱਧ ਰਹੀ ਹੈ। ਸਬਜ਼ੀਆਂ ਦੇ ਉਤਪਾਦਨ ਵਿੱਚ ਕੀਟਨਾਸ਼ਕਾਂ ਦੀ ਅੰਨ੍ਹੇਵਾਹ ਵਰਤੋਂ ਕਾਰਨ ਖਪਤਕਾਰਾਂ ਵਿੱਚ ਜੈਵਿਕ ਸਬਜ਼ੀਆਂ ਦੀ ਭਾਰੀ ਮੰਗ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਜੈਵਿਕ ਖੇਤੀ ਲਈ ਕਈ ਫ਼ਸਲੀ ਚੱਕਰਾਂ ਦੀ ਸਿਫ਼ਾਰਿਸ਼ ਕੀਤੀ ਹੈ ਜਿਵੇਂ ਕਿ ਮੱਕੀ-ਆਲੂ-ਪਿਆਜ਼, ਮੱਕੀ-ਆਲੂ-ਗਰਮੀ ਰੁੱਤ ਦੀ ਮੂੰਗੀ ਅਤੇ ਹਲਦੀ-ਪਿਆਜ਼।

**ਸਬਜ਼ੀਆਂ ਦੀ ਤੱਤ ਭਰਪੂਰ ਘਰੇਲੂ ਬਗੀਚੀ** : ਮੰਡੀ ਵਿੱਚ ਆ ਰਹੀ ਸਬਜ਼ੀਆਂ ਵਿੱਚ ਕੀੜੇ-ਮਕੌੜੇ ਅਤੇ ਬਿਮਾਰੀਆਂ ਤੋਂ ਬਚਾਉਣ ਲਈ ਕੀਟ ਨਾਸ਼ਕਾਂ ਦੀ ਬੇਲੋੜੀ ਵਰਤੋਂ ਕੀਤੀ ਜਾਂਦੀ ਹੈ। ਪਰੰਤੂ ਘਰ ਬਗੀਚੀ ਵਿੱਚ ਤਾਜ਼ੀ, ਤੱਤ ਭਰਪੂਰ ਅਤੇ ਕੀਟ ਨਾਸ਼ਕਾਂ ਦੀ ਘੱਟੋ-ਘੱਟ ਵਰਤੋਂ ਨਾਲ ਸਬਜ਼ੀ ਤਿਆਰ ਕੀਤੀ ਜਾ ਸਕਦੀ ਹੈ। ਇਹ ਸਬਜ਼ੀਆਂ ਆਮ ਨਾਲੋਂ ਵੱਧ ਪੌਸ਼ਟਿਕ ਹੁੰਦੀਆਂ ਹਨ। ਪਰਿਵਾਰ ਦੀਆਂ ਪੌਸ਼ਟਿਕ ਜ਼ਰੂਰਤਾਂ ਪੂਰੀਆਂ ਕਰਨ ਲਈ, ਪੇਂਡੂ ਖੇਤਰਾਂ ਵਾਸਤੇ 500 ਵਰਗ ਮੀਟਰ ਅਤੇ ਸ਼ਹਿਰੀ ਤੇ ਅਰਧ-ਸ਼ਹਿਰੀ ਖੇਤਰਾਂ ਵਾਸਤੇ 36 ਵਰਗ ਮੀਟਰ ਦਾ ਸਬਜ਼ੀ ਨਿਊਟ੍ਰੀਸ਼ਨ ਗਾਰਡਨ ਮਾਡਲ ਸਿਫ਼ਾਰਸ਼ ਕੀਤਾ ਜਾਂਦਾ ਹੈ। ਪੰਜਾਬ ਵਿੱਚ ਲਗਭਗ 10 ਲੱਖ 53 ਹਜ਼ਾਰ ਖੇਤੀਬਾੜੀ ਪਰਿਵਾਰ ਹਨ। ਜੇਕਰ ਹਰ ਪਰਿਵਾਰ 500 ਵਰਗ ਮੀਟਰ ਥਾਂ 'ਤੇ ਸਬਜ਼ੀਆਂ ਉਗਾਉਂਦਾ ਹੈ, ਤਾਂ ਵਾਧੂ 1.32 ਲੱਖ ਏਕੜ ਰਕਬਾ ਸਬਜ਼ੀਆਂ ਹੇਠ ਆ ਸਕਦਾ ਹੈ। ਇਹ ਕਦਮ ਖੇਤੀ ਵਿਭਿੰਨਤਾ ਵਿੱਚ ਵੱਡਾ ਯੋਗਦਾਨ ਪਾਉਣ ਦੇ ਨਾਲ-ਨਾਲ ਪਰਿਵਾਰ ਦੇ ਪੌਸ਼ਟਿਕ ਪੱਧਰ ਨੂੰ ਸੁਧਾਰ ਸਕਦਾ ਹੈ ਅਤੇ ਬਜ਼ਾਰੋਂ ਸਬਜ਼ੀਆਂ ਖਰੀਦਣ ਲਈ ਖਰਚ ਹੋਣ ਵਾਲੇ ਪੈਸੇ ਦੀ ਬੱਚਤ ਵੀ ਕਰ ਸਕਦਾ ਹੈ।



# ਗਾਜਰ ਖਾਉ, ਸਿਹਤ ਬਣਾਉ

ਗਾਜਰ ਸਰਦੀ ਰੁੱਤ ਦੀ ਇੱਕ ਬਹੁਤ ਹੀ ਗੁਣਕਾਰੀ ਸਬਜ਼ੀ ਹੈ, ਜੋ ਸੁਆਦ ਦੇ ਨਾਲ-ਨਾਲ ਸਿਹਤ ਲਈ ਖਜ਼ਾਨਾ ਹੈ। ਗਾਜਰ ਦੀ ਵਰਤੋਂ ਸਲਾਦ, ਸਬਜ਼ੀ, ਅਚਾਰ ਅਤੇ ਮਿੱਠੇ ਪਕਵਾਨਾਂ ਵਿੱਚ ਕੀਤੀ ਜਾ ਸਕਦੀ ਹੈ। ਗਾਜਰ ਵਿੱਚ ਭਰਪੂਰ ਮਾਤਰਾ ਵਿੱਚ ਬੀਟਾ-ਕੈਰੋਟੀਨ ਹੁੰਦਾ ਹੈ, ਜਿਸਨੂੰ ਸਰੀਰ ਵਿਟਾਮਿਨ 'ਏ' ਵਿੱਚ ਬਦਲਦਾ ਹੈ।

ਗਾਜਰਾਂ ਨੂੰ ਧੋ ਕੇ ਅਤੇ ਛਿੱਲ ਕੇ ਕੱਚਾ ਸਲਾਦ ਦੇ ਰੂਪ ਵਿੱਚ ਖਾਣਾ ਸਭ ਤੋਂ ਵਧੀਆ ਹੈ। ਜ਼ਿਆਦਾ ਪਕਾਉਣ ਨਾਲ ਇਸਦੇ ਪੌਸ਼ਟਿਕ ਤੱਤ ਨਸ਼ਟ ਹੋ ਸਕਦੇ ਹਨ, ਇਸ ਲਈ ਇਸ ਨੂੰ ਹਲਕਾ ਪਕਾਉਣਾ ਚਾਹੀਦਾ ਹੈ। ਗਾਜਰ ਤੋਂ ਕਈ ਪਕਵਾਨ ਬਣਾਏ ਜਾ ਸਕਦੇ ਹਨ।



### ਗਾਜਰ ਦਾ ਮੁਰੱਬਾ

| | | |
|---|---|---|
| ਗਾਜਰ | : | 1 ਕਿਲੋ |
| ਖੰਡ | : | 1 ਕਿਲੋ |
| ਪਾਣੀ | : | 200 ਮਿਲੀਲੀਟਰ |
| ਨਿੰਬੂ ਦਾ ਸਤ | : | 1 ਗ੍ਰਾਮ |

**ਤਰੀਕਾ**

1. ਦਰਮਿਆਨੇ ਆਕਾਰ ਦੀਆਂ ਗਾਜਰਾਂ ਲਉ।
2. ਗਾਜਰਾਂ ਨੂੰ ਧੋ ਲਉ ਅਤੇ ਬੜੀ ਸਾਵਧਾਨੀ ਨਾਲ ਉਨ੍ਹਾਂ ਦਾ ਹਲਕਾ-ਹਲਕਾ ਛਿਲਕਾ ਲਾਹ ਲਉ।
3. ਗਾਜਰਾਂ ਦਾ ਅਗਲਾ ਹਿੱਸਾ ਲਾਹ ਦਿਉ। ਲੰਮੇ ਰੁਖ ਤੇ ਕੱਟ ਲਉ ਅਤੇ ਕਾਂਟੇ ਨਾਲ ਚੋਭ ਲਾਓ।
4. ਨਰਮ ਹੋਣ ਤੱਕ ਟੁਕੜੀਆਂ ਨੂੰ ਪਾਣੀ ਵਿੱਚ ਉਬਾਲੋ ਅਤੇ ਪਾਣੀ ਕੱਢ ਦਿਉ।
5. ਚਾਸ਼ਨੀ ਤਿਆਰ ਕਰ ਕੇ ਗਾਜਰਾਂ ਦੇ ਟੁਕੜੇ ਉਸ ਵਿੱਚ ਪਾ ਦਿਉ ਅਤੇ ਉਸ ਵਿੱਚ ਨਿੰਬੂ ਦਾ ਸਤ ਮਿਲਾ ਦਿਉ।
6. ਗਾਜਰਾਂ ਨੂੰ ਚਾਸ਼ਨੀ ਵਿਚ ਪਾ ਕੇ, ਕੁੱਝ ਕੁ ਮਿੰਟ ਲਈ ਰਿੰਨ੍ਹੋ।
7. ਤਿਆਰ ਪਦਾਰਥ ਨੂੰ ਠੰਡਾ ਹੋਣ ਦਿਉ ਅਤੇ ਉਸਨੂੰ ਕੱਚ ਦੇ ਸਾਫ-ਸੁਥਰੇ, ਜਿਵਾਣੂੰ-ਰਹਿਤ ਸੁੱਕੇ ਮਰਤਬਾਨਾਂ ਵਿੱਚ ਪਾ ਲਉ।



### ਗਾਜਰਾਂ ਦੀ ਚਟਣੀ

| | | |
|---|---|---|
| ਗਾਜਰ | : | 1 ਕਿਲੋ |
| ਖੰਡ | : | 750 ਗ੍ਰਾਮ |
| ਲੂਣ | : | 10 ਗ੍ਰਾਮ |
| ਲਾਲ ਮਿਰਚਾਂ | : | 5 ਗ੍ਰਾਮ |
| ਲੌਂਗ | : | 3 |
| ਦਾਲਚੀਨੀ | : | 10 ਗ੍ਰਾਮ |
| ਸੌਂਗੀ | : | 100 ਗ੍ਰਾਮ |
| ਮਗਜ਼ | : | 50 ਗ੍ਰਾਮ |
| ਸਿਰਕਾ | : | 20 ਮਿਲੀਲੀਟਰ |
| ਸੋਡੀਅਮ ਬੈਨਜ਼ੋਏਟ | : | 1 ਗ੍ਰਾਮ |

**ਤਰੀਕਾ**

1. ਲਾਲ ਅਤੇ ਪੱਕੀਆਂ ਹੋਈਆਂ ਗਾਜਰਾਂ ਲਵੋ।
2. ਗਾਜਰਾਂ ਨੂੰ ਧੋ ਕੇ ਛਿੱਲ ਕੇ, ਵਿਚਕਾਰਲਾ ਸਖਤ ਚਿੱਟਾ ਹਿੱਸਾ ਕੱਢ ਦਿਉ।
3. ਗਾਜਰਾਂ ਨੂੰ ਕੱਦੂਕਸ ਕਰ ਲਵੋ।
4. ਗਾਜਰਾਂ ਨੂੰ ਸਾਰੇ ਮਸਾਲੇ ਪਾ ਕੇ ਉਦੋਂ ਤੱਕ ਪਕਾਉ ਜਦ ਤੱਕ ਉਹ ਨਰਮ ਹੋ ਜਾਣ ਪਰ ਸਿਰਕਾ ਨਾ ਪਾਉ।
5. ਫਿਰ ਸਿਰਕਾ ਪਾ ਕੇ, ਇਹਨਾਂ ਗਾਜਰਾਂ ਨੂੰ ਪਕਾਉ ਜਦ ਤੱਕ ਇਹ ਚਟਣੀ ਵਰਗੀਆਂ ਹੋ ਜਾਣ।
6. ਖੁੱਲ੍ਹੇ ਮੂੰਹ ਵਾਲੀਆਂ ਸ਼ੀਸ਼ੀਆਂ ਵਿੱਚ ਚਟਣੀ ਭਰ ਕੇ, ਢੱਕਣ ਲਗਾ ਦਿਉ।

ਕੱਦੂਕਸ ਕੀਤੀ ਕੱਚੀ ਗਾਜਰ ਨੂੰ ਫੈਂਟੀ ਹੋਈ ਦਹੀਂ ਵਿੱਚ ਮਿਲਾਉ। ਉੱਪਰੋਂ ਭੁੰਨਿਆ ਜੀਰਾ, ਕਾਲਾ ਨਮਕ ਅਤੇ ਹਰਾ ਧਨੀਆ ਪਾਉ। ਸਰਦੀਆਂ ਵਿੱਚ ਇਹਨਾਂ ਨੂੰ 2-3 ਦਿਨਾਂ ਲਈ ਫਰਿਜ ਵਿੱਚ ਗਿੱਲੇ ਮੱਲਮਲ ਦੇ ਕੱਪੜੇ ਵਿੱਚ ਲਪੇਟ ਕੇ ਰੱਖ ਸਕਦੇ ਹਾਂ। ਗਾਜਰਾਂ ਨੂੰ ਵੀ ਸੁਕਾ ਕੇ ਗਰਮੀਆਂ ਵਿੱਚ ਵੀ ਵਰਤੋਂ ਕੀਤੀ ਜਾ ਸਕਦੀ ਹੈ।

- ਮਨੀਸ਼ਾ ਭਾਟੀਆ ਅਤੇ ਹਰਦੀਪ ਸਿੰਘ ਸਭਿਖੀ, ਕੇ. ਵੀ. ਕੇ., ਫਤਿਹਗੜ੍ਹ ਸਾਹਿਬ (ਮੋਬਾਇਲ : 98768-33933)

# ਸ਼ੁੱਧਤਾ ਦਾ ਪ੍ਰਮਾਣ ਹੈ ਜੰਮਿਆ ਸ਼ਹਿਦ

ਹਰਦੀਪ ਸਿੰਘ ਸਭਿਖੀ ਅਤੇ ਗੁਰਉਪਦੇਸ਼ ਕੌਰ
ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ (ਮੋਬਾਇਲ 81468-60099)

ਸ਼ਹਿਦ ਮਧੂ-ਮੱਖੀਆਂ ਦੁਆਰਾ ਪੈਦਾ ਕੀਤਾ ਜਾਣ ਵਾਲਾ ਇੱਕ ਸੁਨਹਿਰੀ ਅੰਮ੍ਰਿਤ ਹੈ, ਜਿਸਨੂੰ ਮਨੁੱਖਾਂ ਦੁਆਰਾ ਹਜ਼ਾਰਾਂ ਸਾਲਾਂ ਤੋਂ ਸਵਾਦ ਅਤੇ ਸਿਹਤ ਲਾਭਾਂ ਲਈ ਸਰਾਹਿਆ ਜਾਂਦਾ ਰਿਹਾ ਹੈ। ਪਰ ਇਸ ਸ਼ਹਿਦ ਵਿੱਚ ਸਰਦੀਆਂ ਦੀ ਰੁੱਤ ਵਿੱਚ ਇੱਕ ਅਨੋਖੀ ਕਿਰਿਆ ਦੇਖੀ ਜਾਂਦੀ ਹੈ ਜਿਸ ਨੂੰ ਵਿਗਿਆਨਿਕ ਭਾਸ਼ਾ ਵਿੱਚ ਕ੍ਰਿਸਟੇਲਾਈਜ਼ੇਸ਼ਨ ਅਤੇ ਆਮ ਭਾਸ਼ਾ ਵਿੱਚ ਸ਼ਹਿਦ ਦਾ ਜੰਮਣਾ ਜਾਂ ਦਾਣੇਦਾਰ ਹੋਣਾ ਕਿਹਾ ਜਾਂਦਾ ਹੈ। ਆਮ ਤੌਰ ਤੇ ਇਹ ਦੇਖਿਆ ਜਾਂਦਾ ਹੈ ਕਿ ਸਾਡੇ ਦੇਸ਼ ਦੇ ਖਪਤਕਾਰ ਇਸ ਜੰਮੇ ਹੋਏ ਦਾਣੇਦਾਰ ਸ਼ਹਿਦ ਨੂੰ ਪਸੰਦ ਨਹੀਂ ਕਰਦੇ। ਬਲਕਿ ਕਈਆਂ ਦੁਆਰਾ ਤਾਂ ਇਸ ਨੂੰ ਮਿਲਾਵਟੀ ਵੀ ਮੰਨਿਆ ਜਾਂਦਾ ਹੈ, ਜੋ ਕਿ ਸਰਾਸਰ ਗਲਤ ਧਾਰਨਾ ਹੈ। ਇਸ ਲਈ ਸ਼ਹਿਦ ਦੇ ਜੰਮਣ ਪਿੱਛੇ ਦੇ ਵਿਗਿਆਨਕ ਕਾਰਨਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ, ਤਾਂ ਕਿ ਆਮ ਲੋਕਾਂ ਵਿੱਚ ਇਸ ਕੁਦਰਤੀ ਸੌਗਾਤ ਪ੍ਰਤੀ ਜਾਗਰੂਕਤਾ ਵੱਧ ਸਕੇ।

ਸ਼ਹਿਦ ਦਾ ਸਰਦੀਆਂ ਵਿੱਚ ਇੱਕਸਾਰ ਜੰਮਣਾ ਇਸ ਦਾ ਇੱਕ ਕੁਦਰਤੀ ਗੁਣ ਹੈ ਅਤੇ ਇਸਦੀ ਸ਼ੁੱਧਤਾ ਦੀ ਨਿਸ਼ਾਨੀ ਹੈ, ਕਿਉਂਕਿ ਜੇਕਰ ਸ਼ਹਿਦ ਇੱਕਸਾਰ ਜੰਮਦਾ ਹੈ ਤਾਂ ਇਸ ਦਾ ਮਤਲਬ ਹੁੰਦਾ ਹੈ ਕਿ ਇਸ ਵਿੱਚ ਕਿਸੇ ਤਰ੍ਹਾਂ ਦੀ ਕੋਈ ਮਿਲਾਵਟ ਨਹੀਂ ਕੀਤੀ ਗਈ, ਅਜਿਹੇ ਜੰਮੇ ਹੋਏ ਦਾਣੇਦਾਰ ਸ਼ਹਿਦ ਨੂੰ 'ਕ੍ਰੀਮ ਹਨੀ' ਵੀ ਕਿਹਾ ਜਾਂਦਾ ਹੈ। ਪਰ ਇਹ ਵੀ ਦੇਖਣ ਵਿੱਚ ਆਉਂਦਾ ਹੈ ਕਿ ਸਾਰੇ ਕਿਸਮਾਂ ਦੇ ਫੁੱਲਾਂ ਦੇ ਸ਼ਹਿਦ ਨਹੀਂ ਜੰਮਦੇ, ਕਿਉਂਕਿ ਸ਼ਹਿਦ ਦੇ ਜੰਮਣ ਪਿੱਛੇ ਹੇਠ ਲਿਖੇ ਕਾਰਨ ਭੂਮਿਕਾ ਨਿਭਾਉਂਦੇ ਹਨ :

**1. ਸ਼ਹਿਦ ਵਿੱਚ ਗੁਲੂਕੋਜ਼ ਦੀ ਵੱਧ ਮਾਤਰਾ :** ਸ਼ਹਿਦ ਵਿੱਚ ਮੁੱਖ ਤੌਰ ਤੇ ਗੁਲੂਕੋਜ਼ ਅਤੇ ਫਰਕਟੋਜ਼ ਨਾਮ ਦੀਆਂ ਖੰਡਾਂ ਦਾ ਮਿਸ਼ਰਣ ਹੁੰਦਾ ਹੈ। ਜਿਹੜੇ ਸ਼ਹਿਦ ਵਿੱਚ ਗੁਲੂਕੋਜ਼ ਅਤੇ ਪਾਣੀ ਦਾ ਅਨੁਪਾਤ ਵੱਧ ਹੁੰਦਾ ਹੈ (ਯਾਨੀ 2.1 ਤੋਂ ਵੱਧ), ਉਹ ਵੱਧ ਜੰਮਦਾ ਹੈ। ਸਰਲ ਭਾਸ਼ਾ ਵਿੱਚ ਕਹੀਏ ਤਾਂ ਜਿਹੜੇ ਸ਼ਹਿਦ ਵਿੱਚ ਗੁਲੂਕੋਜ਼ ਵੱਧ ਮਾਤਰਾ ਵਿੱਚ ਹੋਵੇਗਾ ਉਹ ਵੱਧ ਜੰਮੇਗਾ, ਜਦਕਿ ਜਿਹੜੇ ਸ਼ਹਿਦ ਵਿੱਚ ਇਹ ਗੁਲੂਕੋਜ਼ ਅਤੇ ਪਾਣੀ ਦਾ ਅਨੁਪਾਤ 1.8 ਤੋਂ ਘੱਟ ਹੁੰਦਾ ਹੈ, ਉਸਦੇ ਤਰਲ ਰਹਿਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ। ਸ਼ਹਿਦ ਵਿਚਲੇ ਪਾਣੀ ਦੀ ਮਾਤਰਾ ਜੇ ਘੱਟ ਹੋਵੇ ਤਾਂ ਵੀ ਉਹਦੇ ਜੰਮਣ ਦੀ ਸੰਭਾਵਨਾ ਵੱਧ ਜਾਂਦੀ ਹੈ, ਕਿਉਂਕਿ ਉਸ ਸ਼ਹਿਦ ਵਿੱਚ ਮੌਜੂਦ ਖੰਡ ਨੂੰ ਤਰਲ ਰੂਪ ਵਿੱਚ ਰੱਖਣ ਲਈ ਪਾਣੀ ਘੱਟ ਉਪਲਬੱਧ ਹੁੰਦਾ ਹੈ। ਜਦੋਂ ਕੋਈ ਸ਼ਹਿਦ ਪੁਰਾਣਾ ਹੁੰਦਾ ਜਾਂਦਾ ਹੈ, ਤਾਂ ਉਸ ਵਿੱਚ ਪਾਣੀ ਦੀ ਮਾਤਰਾ ਘੱਟ ਸਕਦੀ ਹੈ, ਜਿਸ ਕਰਕੇ ਉਹ ਜ਼ਿਆਦਾ ਜੰਮਦਾ ਹੈ।

**2. ਸ਼ਹਿਦ ਵਿੱਚ ਪਰਾਗ ਅਤੇ ਹੋਰ ਕਣਾਂ ਦੀ ਮੌਜੂਦਗੀ :** ਸ਼ਹਿਦ ਵਿੱਚ ਮੌਜੂਦ ਪਰਾਗ, ਪ੍ਰੋਪੋਲਿਸ ਅਤੇ ਮੋਮ ਵਰਗੇ ਕਣ ਸ਼ਹਿਦ ਦੇ ਦਾਣੇਦਾਰ ਹੋਣ ਵੇਲੇ ਇੱਕ ਨਿਊਕਲਿਸ (ਕੇਂਦਰ ਬਿੰਦੂ) ਦਾ ਕੰਮ ਕਰਦੇ ਹਨ ਅਤੇ ਉਸ ਸ਼ਹਿਦ ਵਿੱਚ ਮੌਜੂਦ ਖੰਡ ਦੇ ਅਣੂ ਇਹਨਾਂ ਕਣਾਂ ਦੇ ਨਾਲ ਜੁੜ ਕੇ ਦਾਣੇਦਾਰ ਹੋਣ ਦੀ ਪ੍ਰਕਿਰਿਆ ਨੂੰ ਸ਼ੁਰੂ ਕਰਦੇ ਹਨ। ਪਰ ਨਾਲ ਹੀ ਇਹ ਪਰਾਗ ਦੇ ਕਣ ਸ਼ਹਿਦ ਨੂੰ ਉਸਦੇ ਕਈ ਔਸ਼ਧੀ ਗੁਣ ਵੀ ਪ੍ਰਦਾਨ ਕਰਦੇ ਹਨ। ਇਸ ਲਈ ਜਿਸ ਸ਼ਹਿਦ ਵਿੱਚ ਇਹ ਪਰਾਗ ਆਦਿ ਦੇ ਕਣ ਜ਼ਿਆਦਾ ਹੋਣਗੇ ਉਸ ਸ਼ਹਿਦ ਦੇ ਜੰਮਣ ਦੀ ਸੰਭਾਵਨਾ ਤਾਂ ਜ਼ਿਆਦਾ ਹੋਵੇਗੀ ਹੀ, ਬਲਕਿ ਉਹ ਸ਼ਹਿਦ ਸਿਹਤ ਲਈ ਫਾਇਦੇਮੰਦ ਵੀ ਜ਼ਿਆਦਾ ਹੋਵੇਗਾ।



**3. ਤਾਪਮਾਨ :** ਸ਼ਹਿਦ ਨੂੰ ਸਟੋਰ ਕਰਨ ਦੇ ਤਾਪਮਾਨ ਵਿੱਚ ਬਦਲਾਅ ਨਾਲ ਸ਼ਹਿਦ ਦੇ ਜੰਮਣ ਦੀ ਪ੍ਰਕਿਰਿਆ ਵੱਧ ਜਾਂ ਘੱਟ ਸਕਦੀ ਹੈ। ਘੱਟ ਤਾਪਮਾਨ (14 ਡਿਗਰੀ ਸੈਂਟੀਗ੍ਰੇਡ ਤੋਂ ਘੱਟ) ਨਾਲ ਸ਼ਹਿਦ ਦੇ ਜੰਮਣ ਦੀ ਸੰਭਾਵਨਾ ਵੱਧ ਜਾਂਦੀ ਹੈ, ਜਦਕਿ ਵੱਧ ਤਾਪਮਾਨ ਤੇ ਸ਼ਹਿਦ ਤਰਲ ਰੂਪ ਵਿੱਚ ਹੀ ਰਹਿੰਦਾ ਹੈ। ਇਸ ਲਈ ਜੇਕਰ ਸ਼ਹਿਦ ਨੂੰ ਫਰਿਜ ਵਰਗੇ ਠੰਡੇ ਵਾਤਾਵਰਣ ਵਿੱਚ ਸਟੋਰ ਕੀਤਾ ਜਾਂਦਾ ਹੈ ਤਾਂ ਉਹਦਾ ਜੰਮਣਾ ਤੇਜ਼ ਹੋ ਜਾਂਦਾ ਹੈ, ਅਤੇ ਜੇਕਰ ਗਰਮ ਵਾਤਾਵਰਣ ਵਿੱਚ ਸਟੋਰ ਕੀਤਾ ਜਾਵੇ ਤਾਂ ਇਹ ਪ੍ਰਕਿਰਿਆ ਹੌਲੀ ਹੋ ਜਾਂਦੀ ਹੈ।



**4. ਫੁੱਲ-ਫਲਾਕੇ ਦੀ ਕਿਸਮ :** ਸ਼ਹਿਦ ਤਿਆਰ ਕਰਨ ਲਈ ਜਿਹੜੇ ਫੁੱਲਾਂ ਦਾ ਨੈਕਟਰ ਮਧੂ ਮੱਖੀਆਂ ਇਕੱਠਾ ਕਰਕੇ ਲਿਆਉਂਦੀਆਂ ਹਨ, ਉਹਨਾਂ ਦੀ ਪ੍ਰਜਾਤੀ/ਕਿਸਮ ਵੀ ਸ਼ਹਿਦ ਦੇ ਠੋਸ ਹੋਣ ਦੀ ਸੰਭਾਵਨਾ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ। ਕਈ ਫੁੱਲਾਂ ਜਿਵੇਂ ਕਿ ਸਰ੍ਹੋਂ ਜਾਤੀ ਦੇ ਫੁੱਲਾਂ ਦੇ ਰਸ ਵਿੱਚ ਕੁਦਰਤੀ ਤੌਰ ਤੇ ਹੀ ਗਲੂਕੋਜ਼ ਵੱਧ ਮਾਤਰਾ ਵਿੱਚ ਹੁੰਦਾ ਹੈ, ਜਿਸ ਕਰਕੇ ਉਹਨਾਂ ਦਾ ਸ਼ਹਿਦ ਜ਼ਿਆਦਾ ਜੰਮਦਾ ਹੈ।

ਇਹਨਾਂ ਤੱਥਾਂ ਤੋਂ ਇਹ ਪਤਾ ਲੱਗਦਾ ਹੈ ਕਿ ਸ਼ਹਿਦ ਦਾ ਜੰਮਣਾ ਉਸਦਾ ਕੁਦਰਤੀ ਗੁਣ ਹੈ। ਇਹ ਸ਼ਹਿਦ ਦੇ ਖਰਾਬ ਹੋਣ ਜਾਂ ਮਿਲਾਵਟੀ ਹੋਣ ਦੀ ਨਹੀਂ ਸਗੋਂ ਉਸਦੇ ਸ਼ੁੱਧ ਹੋਣ ਦੀ ਨਿਸ਼ਾਨੀ ਹੈ। ਇਸ ਨਾਲ ਸ਼ਹਿਦ ਦੀ ਪੌਸ਼ਟਿਕਤਾ ਤੇ ਕੋਈ ਮਾੜਾ ਅਸਰ ਨਹੀਂ ਪੈਂਦਾ, ਸਗੋਂ ਇਸ ਵਿੱਚ ਪਰਾਗ ਦੇ ਕਣ ਹੋਣ ਕਰਕੇ ਇਹ ਸਿਹਤ ਲਈ ਵਧੇਰੇ ਲਾਭਦਾਇਕ ਹੁੰਦਾ ਹੈ। ਕਈ ਪੱਛਮੀ ਦੇਸ਼ਾਂ ਦੇ ਲੋਕ ਤਾਂ ਸਗੋਂ ਜੰਮੇ ਹੋਏ ਦਾਣੇਦਾਰ ਸ਼ਹਿਦ ਨੂੰ ਖਾਣਾ ਹੀ ਪਸੰਦ ਕਰਦੇ ਹਨ, ਕਿਉਂਕਿ ਇਸ ਨੂੰ ਤਰਲ ਸ਼ਹਿਦ ਦੇ ਮੁਕਾਬਲੇ ਸੌਖੇ ਤਰੀਕੇ ਨਾਲ ਟੋਸਟ ਵਗੈਰਾ ਤੇ ਲਗਾਇਆ ਜਾ ਸਕਦਾ ਹੈ ਅਤੇ ਇਸਦੇ ਮਿਲਾਵਟੀ ਹੋਣ ਦੀ ਅਸ਼ੰਕਾ ਵੀ ਬਹੁਤ ਘੱਟ ਹੋ ਜਾਂਦੀ ਹੈ। ਸਾਨੂੰ ਵੀ ਸ਼ਹਿਦ ਦੇ ਇਹਨਾਂ ਵਿਲੱਖਣ ਗੁਣਾਂ ਬਾਰੇ ਜਾਗਰੂਕ ਹੋ ਕੇ ਇਸ ਨੂੰ ਆਪਣੀ ਰੋਜ਼ਾਨਾ ਖੁਰਾਕ ਦਾ ਹਿੱਸਾ ਬਣਾਉਣਾ ਚਾਹੀਦਾ ਹੈ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ, ਉਸਦੇ ਕ੍ਰਿਸ਼ੀ ਵਿਗਿਆਨ ਕੇਂਦਰ ਅਤੇ ਪ੍ਰੋਗਰੈਸਿਵ ਬੀਕੀਪਰਜ਼ ਐਸੋਸੀਏਸ਼ਨ, ਪੰਜਾਬ ਵੀ ਆਪਣੇ ਵੱਲੋਂ ਵੱਖ-ਵੱਖ ਕਿਸਾਨ ਮੇਲਿਆਂ, ਕਿਸਾਨ ਗੋਸ਼ਟੀਆਂ ਆਦਿ ਦੇ ਦੌਰਾਨ ਲੈਕਚਰਾਂ ਰਾਹੀਂ, ਛਪੇ ਹੋਏ ਸਾਹਿਤ ਰਾਹੀਂ ਅਤੇ ਲੋਕਾਂ ਨੂੰ 'ਕ੍ਰੀਮ ਹਨੀ' ਦੀ ਮੁਫਤ ਟੇਸਟਿੰਗ ਕਰਵਾ ਕੇ ਤਮਾਮ ਯਤਨ ਕਰ ਰਹੇ ਹਨ, ਤਾਂਕਿ ਲੋਕਾਂ ਵਿੱਚ ਜੰਮੇ ਹੋਏ ਸ਼ਹਿਦ ਬਾਰੇ ਜਾਗਰੂਕਤਾ ਫੈਲ ਸਕੇ। ਖਪਤਕਾਰ ਵੀ ਇਹਨਾਂ ਉਪਰਾਲਿਆਂ ਨੂੰ ਭਰਵਾਂ ਹੁੰਗਾਰਾ ਦੇ ਰਹੇ ਹਨ ਅਤੇ ਇਹਨਾਂ ਯਤਨਾਂ ਸਦਕਾ 'ਕ੍ਰੀਮ ਹਨੀ' ਦੀ ਵਿਕਰੀ ਵਿੱਚ ਵਾਧਾ ਵੀ ਹੋ ਰਿਹਾ ਹੈ। ਪਰ ਫੇਰ ਵੀ ਜੇਕਰ ਕਿਸੇ ਖਪਤਕਾਰ ਨੂੰ ਤਰਲ ਸ਼ਹਿਦ ਹੀ ਪਸੰਦ ਹੋਵੇ ਤਾਂ ਜੰਮੇ ਹੋਏ ਸ਼ਹਿਦ ਨੂੰ ਗਰਮ ਪਾਣੀ ਵਿੱਚ ਜਾਂ ਧੁੱਪ ਵਿੱਚ ਰੱਖ ਕੇ ਦੁਬਾਰਾ ਤਰਲ ਵੀ ਬਣਾਇਆ ਜਾ ਸਕਦਾ ਹੈ।

# ਪੱਤਝੜੀ ਫ਼ਲਦਾਰ ਬੂਟਿਆਂ ਦੀ ਲਵਾਈ ਲਈ ਧਿਆਨ ਯੋਗ ਨੁਕਤੇ

ਕਿਰਨਦੀਪ ਕੌਰ, ਅਨਿਰੁਧ ਠਾਕੁਰ ਅਤੇ ਮਨਦੀਪ ਸਿੰਘ ਗਿੱਲ, ਫਲ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋਬਾਇਲ 98158-04868)

ਪੱਤਝੜੀ ਫ਼ਲਦਾਰ ਬੂਟਿਆਂ ਨੂੰ ਲਗਾਉਣ ਦਾ ਸਮਾਂ ਆ ਰਿਹਾ ਹੈ ਅਤੇ ਪੰਜਾਬ ਵਿੱਚ ਇਨ੍ਹਾਂ ਬੂਟਿਆਂ ਦੀ ਮੰਗ ਬਹੁਤ ਜ਼ਿਆਦਾ ਹੁੰਦੀ ਹੈ । ਬਹੁਤ ਸਾਰੇ ਉਤਪਾਦਕ ਫ਼ਲਦਾਰ ਬੂਟੇ ਖਰੀਦਣ ਲਈ ਨਿੱਜੀ ਨਰਸਰੀਆਂ 'ਤੇ ਨਿਰਭਰ ਕਰਦੇ ਹਨ, ਕਿਉਂਕਿ ਇਹ ਨਰਸਰੀਆਂ ਅਕਸਰ ਆਸਾਨੀ ਨਾਲ ਪਹੁੰਚਯੋਗ ਹੁੰਦੀਆਂ ਹਨ । ਕਿਸਾਨਾਂ ਨੂੰ ਸਿਰਫ਼ ਰਜਿਸਟਰਡ ਨਰਸਰੀਆਂ ਤੋਂ ਹੀ ਬੂਟੇ ਖਰੀਦਣੇ ਚਾਹੀਦੇ ਹਨ ਤਾਂ ਜੋ ਬਾਗ ਰੋਗ ਰਹਿਤ ਹੋਣ ਅਤੇ ਭਵਿੱਖ ਵਿੱਚ ਉਹਨਾਂ ਤੋਂ ਚੰਗਾ ਮੁਨਾਫ਼ਾ ਕਮਾਇਆ ਜਾ ਸਕੇ ।



**ਬੂਟੇ ਲਗਾਉਣ ਦਾ ਸਮਾਂ** : ਪੱਤਝੜੀ ਫ਼ਲਦਾਰ ਬੂਟਿਆਂ ਨੂੰ ਲਗਾਉਣ ਦਾ ਸਭ ਤੋਂ ਵਧੀਆ ਸਮਾਂ ਸਿਆਲ ਰੁੱਤ ਹੁੰਦਾ ਹੈ, ਜਦੋਂ ਇਹ ਬੂਟੇ ਸਿਥਲ ਅਵਸਥਾ ਵਿੱਚ ਹੁੰਦੇ ਹਨ । ਨਾਸ਼ਪਾਤੀ ਦੇ ਬੂਟੇ ਜਨਵਰੀ ਤੋਂ ਫ਼ਰਵਰੀ ਦੇ ਅੱਧ ਤੱਕ ਲਗਾਏ ਜਾਣੇ ਚਾਹੀਦੇ ਹਨ । ਆੜੂ ਸਿਥਲ ਅਵਸਥਾ ਤੋਂ ਜਲਦੀ ਬਾਹਰ ਆ ਜਾਂਦਾ ਹੈ, ਇਸ ਲਈ ਇਸਨੂੰ ਦਸੰਬਰ ਦੇ ਅਖੀਰ ਤੋਂ ਜਨਵਰੀ ਦੇ ਅੰਤ ਤੱਕ ਲਗਾਇਆ ਜਾਣਾ ਚਾਹੀਦਾ ਹੈ। ਆਲੂਬੁਖਾਰੇ ਦੇ ਬੂਟੇ ਅੱਧ ਜਨਵਰੀ ਵਿੱਚ ਲਗਾਏ ਜਾਣੇ ਚਾਹੀਦੇ ਹਨ ਤਾਂ ਜੋ ਬੂਟੇ ਬਸੰਤ ਰੁੱਤ ਤੋਂ ਪਹਿਲਾਂ ਸਫਲਤਾਪੂਰਵਕ ਪ੍ਰਫੁੱਲਿਤ ਹੋ ਸਕਣ । ਸੇਬ ਦਸੰਬਰ ਦੇ ਅਖੀਰ ਤੋਂ ਜਨਵਰੀ ਤੱਕ ਲਾਇਆ ਜਾਂਦਾ ਹੈ । ਅੰਗੂਰ ਅਤੇ ਅੰਜੀਰ, ਜੋ ਕਿ ਕਲਮਾਂ ਤੋਂ ਤਿਆਰ ਕੀਤੇ ਜਾਂਦੇ ਹਨ, ਜਨਵਰੀ ਤੋਂ ਫ਼ਰਵਰੀ ਤੱਕ ਲਗਾਏ ਜਾਣੇ ਚਾਹੀਦੇ ਹਨ ।

**ਮਾਦਾ ਅਤੇ ਜੜ੍ਹਮੁੱਢ ਬਲਾਕ** : ਮਾਦਾ ਬਲਾਕ ਅਤੇ ਜੜ੍ਹਮੁੱਢ ਬਲਾਕ ਨਰਸਰੀ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਹੁੰਦੇ ਹਨ। ਇਸ ਲਈ ਕਿਸਾਨਾਂ ਨੂੰ ਇਹ ਪੁਸ਼ਟੀ ਕਰਨੀ ਚਾਹੀਦੀ ਹੈ ਕਿ ਇਹ ਬਲਾਕ ਚੰਗੀ ਤਰ੍ਹਾਂ ਸੰਭਲੇ ਹੋਣ ਅਤੇ ਇਸ ਵਿੱਚ ਲਗਾਏ ਬੂਟੇ ਸਿਫ਼ਾਰਸ਼ ਕਿਸਮਾਂ ਦੇ ਅਸਲੀ ਵੰਸ਼ ਸਰੋਤ ਦੇ ਹਨ। ਮਾਦਾ ਬੂਟਿਆਂ ਦੀ ਗਿਣਤੀ ਨਰਸਰੀ ਦੀ ਉਤਪਾਦਨ ਸਮਰੱਥਾ ਦੇ ਅਨੁਸਾਰ ਹੋਣੀ ਚਾਹੀਦੀ ਹੈ। ਪ੍ਰਮਾਣਿਤ ਗੁਣਵੱਤਾ ਅਤੇ ਸਹੀ ਨਸਲ ਦੇ ਬੂਟੇ ਕੇਵਲ ਸਿਫ਼ਾਰਸ਼ ਕੀਤੇ ਪ੍ਰਜਣਨ ਤਰੀਕਿਆਂ ਦੁਆਰਾ ਹੀ ਤਿਆਰ ਕੀਤੇ ਜਾਣੇ ਚਾਹੀਦੇ ਹਨ ।

**ਨਰਸਰੀ ਵਾਲੇ ਬੂਟਿਆਂ ਦੀ ਸੰਭਾਲ ਤੇ ਢੋਆ-ਢੁਆਈ** : ਪੱਤਝੜੀ ਫ਼ਲਦਾਰ ਬੂਟੇ ਜਿਵੇਂ ਕਿ ਨਾਸ਼ਪਤੀ, ਆੜੂ, ਆਲੂਬੁਖਾਰਾ, ਸੇਬ, ਅੰਗੂਰ ਅਤੇ ਅੰਜੀਰ ਦੇ ਬੂਟੇ ਸਿਰਫ਼ ਸਿਥਲ ਅਵਸਥਾ ਦੌਰਾਨ ਹੀ ਪੁੱਟਣੇ ਅਤੇ ਲਿਜਾਏ ਜਾਣੇ ਚਾਹੀਦੇ ਹਨ, ਜੋ ਆਮ ਤੌਰ 'ਤੇ ਦਸੰਬਰ ਤੋਂ ਫ਼ਰਵਰੀ ਤੱਕ ਹੁੰਦਾ ਹੈ (ਫ਼ਸਲ ਦੇ ਅਨੁਸਾਰ) । ਬੂਟਿਆਂ ਨੂੰ ਪੁੱਟਣ ਅਤੇ ਲਿਜਾਉਣ ਸਮੇਂ, ਜੜ੍ਹਾਂ ਨੂੰ ਸੁੱਕਣ ਤੋਂ ਬਚਾਉਣ ਲਈ ਉਨ੍ਹਾਂ ਨੂੰ ਨਮੀ ਵਿੱਚ ਰੱਖਣਾ ਜ਼ਰੂਰੀ ਹੈ । ਖੇਤ ਵਿੱਚ ਬੂਟੇ ਲਗਾਉਣ ਤੋਂ ਬਾਅਦ ਤੁਰੰਤ ਸਿੰਚਾਈ ਕਰਨੀ ਚਾਹੀਦੀ ਹੈ ਤਾਂ ਜੋ ਮਿੱਟੀ ਜੜ੍ਹਾਂ ਦੇ ਆਲੇ-ਦੁਆਲੇ ਬੈਠ ਜਾਵੇ ਅਤੇ ਬੂਟਿਆਂ ਨੂੰ ਸੁੱਕਣ ਜਾਂ ਮੁਰਝਾਉਣ ਤੋਂ ਬਚਾਇਆ ਜਾ ਸਕੇ ।

**ਬੂਟੇ ਲਗਾਉਣਾ ਅਤੇ ਦੇਖਭਾਲ** : ਬੂਟੇ ਲਿਆਉਣ ਤੋਂ ਬਾਅਦ ਬੂਟੇ ਲਗਾਉਣ ਲਈ ਲੱਕੜ ਦੇ ਫੱਟੇ (ਪਲਾਸਟਿਕ ਬੋਰਡ) ਦੀ ਵਰਤੋਂ ਕਰਕੇ ਇੱਕ ਢੁਕਵਾਂ ਆਕਾਰ ਦਾ ਛੋਟਾ ਜਿਹਾ ਟੋਆ ਬਣਾਓ । ਇਸ ਤੋਂ ਬਾਅਦ ਬੂਟੇ ਨੂੰ ਟੋਏ ਵਿੱਚ ਇਸ ਤਰ੍ਹਾਂ ਰੱਖੋ ਕਿ ਬੂਟੇ ਦਾ ਤਣਾ ਫੱਟੇ ਦੇ ਵਿਚਕਾਰਲੇ ਕੱਟ (ਵੀ-ਨੌਚ) ਵਿੱਚ ਆ ਜਾਵੇ । ਬੂਟੇ ਦੇ ਆਲੇ-ਦੁਆਲੇ ਦੀ ਮਿੱਟੀ ਨੂੰ ਪੈਰਾਂ ਨਾਲ ਹੌਲੀ-ਹੌਲੀ ਦਬਾਇਆ ਜਾਣਾ ਚਾਹੀਦਾ ਹੈ ਤਾਂ ਜੋ ਗਾਚੀ ਮਿੱਟੀ ਵਿੱਚ ਚੰਗੀ ਤਰ੍ਹਾਂ ਟਿਕ ਜਾਵੇ । ਬੂਟੇ ਲਗਾਉਣ ਵੇਲੇ ਇਹ ਧਿਆਨ ਰੱਖੋ ਕਿ ਪਿਉਂਦ ਵਾਲਾ ਹਿੱਸਾ ਜ਼ਮੀਨ ਤੋਂ 6 ਤੋਂ 9 ਇੰਚ ਤੱਕ ਜ਼ਰੂਰ ਉੱਚਾ ਹੋਵੇ । ਬੂਟੇ ਲਾਉਣ ਤੋਂ ਬਾਅਦ ਉਨ੍ਹਾਂ ਨੂੰ ਸੋਟੀ ਨਾਲ ਸਹਾਰਾ ਦਿਉ । ਨਵੇਂ ਬੂਟਿਆਂ ਨੂੰ ਸਿਉਂਕ ਦੇ ਹਮਲੇ ਤੋਂ ਬਚਾਉਣ ਲਈ ਅੱਧਾ ਲਿਟਰ ਕਲੋਰਪਾਈਰੀਫਾਸ 3-4 ਕਿੱਲੋ ਰੇਤ ਵਿੱਚ ਮਿਲਾ ਕੇ ਪ੍ਰਤੀ ਏਕੜ ਛਿੱਟਾ ਦਿਉ ਅਤੇ ਬਾਅਦ ਵਿੱਚ ਹਲਕਾ ਜਿਹਾ ਪਾਣੀ ਲਾ ਦਿਉ । ਨਵੇਂ ਬੂਟਿਆਂ ਦਾ ਧਿਆਨ ਰੱਖੋ ਅਤੇ ਮੁੱਢੋਂ ਫੁੱਟਣ ਵਾਲੀਆਂ ਸ਼ਾਖਾਵਾਂ ਅਤੇ ਸੱਕਰ ਆਦਿ ਲਗਾਤਾਰ ਕੱਟਦੇ ਰਹੋ ।

**ਸਿਫ਼ਾਰਸ਼ ਕੀਤੇ ਜੱੜ੍ਹਮੁੱਢ ਦੀ ਵਰਤੋਂ** : ਪੱਤਝੜੀ ਫ਼ਲਦਾਰ ਬੂਟਿਆਂ ਦੀਆਂ ਪ੍ਰਮਾਣਿਤ ਕਿਸਮਾਂ ਅਤੇ ਢੁੱਕਵੇਂ ਜੱੜ੍ਹਮੁੱਢ ਹੇਠਾਂ ਦਿੱਤੀ ਸਾਰਣੀ ਅਨੁਸਾਰ ਹਨ:

**ਫ਼ਲ ਉਤਪਾਦਕਾਂ ਲਈ**

**ਫ਼ਲਦਾਰ ਬੂਟਿਆਂ ਦੀ ਪਿਉਂਦ ਦਾ ਢੁੱਕਵਾਂ ਸਮਾਂ ਅਤੇ ਵਿਧੀ**

| ਫ਼ਲਦਾਰ ਬੂਟਾ | ਪਿਉਂਦ ਦੀ ਵਿਧੀ | ਪਿਉਂਦ ਦਾ ਢੁੱਕਵਾਂ ਸਮਾਂ | ਇੱਕ ਬੂਟੇ ਤੋਂ ਪਿਉਂਦ ਲਈ ਅੱਖਾਂ ਜਾਂ ਕਲਮਾਂ ਦੀ ਗਿਣਤੀ |
|---|---|---|---|
| ਨਾਖ | ਜੀਭੀ ਪਿਉਂਦ | ਦਸੰਬਰ-ਜਨਵਰੀ | 600 |
| ਆੜੂ | ਟੀ-ਬਡਿੰਗ<br>ਜੀਭੀ ਪਿਉਂਦ | ਮਈ-ਜੂਨ<br>ਦਸੰਬਰ-ਜਨਵਰੀ | 300 |
| ਆਲੂ ਬੁਖਾਰਾ | ਸਤਲੁਜ ਪਰਪਲ ਦੇ ਬੂਟਿਆਂ ਲਈ ਕਾਲਾ ਅੰਮ੍ਰਿਤਸਰੀ ਦੀਆਂ ਕਲਮਾਂ ਉੱਤੇ ਸਿੱਧਾ ਜੀਭੀ ਪਿਉਂਦ<br>ਕਾਲਾ ਅੰਮ੍ਰਿਤਸਰੀ ਦੇ ਬੂਟੇ ਕਲਮਾਂ ਰਾਹੀਂ | ਦਸੰਬਰ-ਜਨਵਰੀ | 1000 |
| ਸੇਬ | ਜੀਭੀ ਪਿਉਂਦ | ਦਸੰਬਰ-ਜਨਵਰੀ | 300 |
| ਅੰਗੂਰ | ਕਲਮਾਂ ਰਾਹੀਂ | ਜਨਵਰੀ-ਫ਼ਰਵਰੀ | 200 |
| ਅੰਜੀਰ | ਕਲਮਾਂ ਰਾਹੀਂ | ਜਨਵਰੀ | 200 |

| ਫ਼ਲਦਾਰ ਬੂਟਾ | ਪ੍ਰਮਾਣਿਤ ਕਿਸਮਾਂ | ਢੁੱਕਵੇਂ ਜੱੜ੍ਹਮੁੱਢ |
|---|---|---|
| ਨਾਖ | ਸਖ਼ਤ ਨਾਸ਼ਪਾਤੀ : ਪੰਜਾਬ ਨਾਖ, ਪੱਥਰ ਨਾਖ<br>ਅਰਧ ਨਰਮ ਨਾਸ਼ਪਾਤੀ : ਪੰਜਾਬ ਬਿਊਟੀ, ਪੰਜਾਬ ਨੈਕਟਰ, ਪੰਜਾਬ ਗੋਲਡ ਅਤੇ ਬੱਗੂਗੋਸ਼ਾ<br>ਨਰਮ ਨਾਸ਼ਪਾਤੀ : ਨਿਜੀਸਿਕੀ ਅਤੇ ਪੰਜਾਬ ਸੌਫਟ | ਕੈਂਥ |
| ਆੜੂ | ਪੀਲੇ ਗੁੱਦੇ ਵਾਲੀਆਂ ਕਿਸਮਾਂ : ਪਰਤਾਪ, ਫਲੋਰਿਡਾ ਪ੍ਰਿੰਸ, ਅਰਲੀ ਗਰੈਂਡ, ਸ਼ਾਨੇ-ਪੰਜਾਬ<br>ਚਿੱਟੇ ਗੁੱਦੇ ਵਾਲੀਆਂ ਕਿਸਮਾਂ : ਪ੍ਰਭਾਤ ਅਤੇ ਸ਼ਰਬਤੀ<br>ਨੈਕਟਰੇਨ : ਪੰਜਾਬ ਨੈਕਟਰੇਨ | ਸ਼ਰਬਤੀ/ਫਲੋਰਡਾਗਾਰਡ |
| ਆਲੂਬੁਖਾਰਾ | ਸਤਲੁਜ ਪਰਪਲ ਅਤੇ ਕਾਲਾ ਅੰਮ੍ਰਿਤਸਰੀ | ਕਾਲਾ ਅੰਮ੍ਰਿਤਸਰੀ/ ਕਾਬਲ ਗਰੀਨ ਗੇਜ਼ |
| ਸੇਬ | ਅੰਨਾ ਅਤੇ ਡੌਰਸੈਟ ਗੋਲਡਨ | ਦੇਸੀ ਸੇਬ |
| ਅੰਗੂਰ | ਸੁਪੀਰੀਅਰ ਸੀਡਲੈਸ, ਪੰਜਾਬ ਅਫ਼ਸ ਪਰਪਲ, ਫਲੇਮ ਸੀਡਲੈਸ, ਬਿਊਟੀ ਸੀਡਲੈਸ, ਪਰਲਿਟ | - |
| ਅੰਜੀਰ | ਬਲੈਕ ਫਿੱਗੀ ਅਤੇ ਬਰਾਉਨ ਟਰਕੀ | - |

**ਮਹੱਤਵਪੂਰਨ ਨੁਕਤੇ** :

1. ਹਮੇਸ਼ਾ ਮਾਨਤਾ ਪ੍ਰਾਪਤ ਅਤੇ ਪ੍ਰਮਾਣਿਤ ਨਰਸਰੀਆਂ ਤੋਂ ਫ਼ਲਦਾਰ ਬੂਟੇ ਖਰੀਦੋ ।

2. ਆਪਣੇ ਖੇਤਰ ਲਈ ਸਿਫ਼ਾਰਸ਼ ਕੀਤੀਆਂ ਕਿਸਮਾਂ ਅਤੇ ਢੁੱਕਵੇਂ ਜੱੜ੍ਹਮੁੱਢ ਬਾਰੇ ਪੀ. ਏ. ਯੂ. ਲੁਧਿਆਣਾ ਜਾਂ ਪੰਜਾਬ ਬਾਗਬਾਨੀ ਵਿਭਾਗ ਦੇ ਮਾਹਿਰਾਂ ਨਾਲ ਸਲਾਹ ਕਰੋ ।

3. ਮਾਨਤਾ ਪ੍ਰਾਪਤ ਨਰਸਰੀਆਂ ਵੱਲੋਂ ਦਿੱਤੇ ਜਾਣ ਵਾਲੇ ਬੂਟੇ ਉੱਨਤ ਕਿਸਮ ਅਤੇ ਢੁੱਕਵੇਂ ਜੱੜ੍ਹਮੁੱਢ ਉੱਤੇ ਪਿਉਂਦ ਕੀਤੇ ਹੁੰਦੇ ਹਨ ਜਿਸ ਕਾਰਨ ਉਹ ਬੂਟੇ ਖੇਤ ਵਿੱਚ ਵਧੇਰੇ ਵੱਧਦੇ ਫੁਲਦੇ ਹਨ ।

4. ਕਾਂਟ੍ਰੈਕਟ ਫਾਰਮਿੰਗ ਦੇ ਨਾਮ 'ਤੇ ਮਹਿੰਗੇ ਬੂਟੇ ਵੇਚਣ ਵਾਲਿਆਂ ਤੋਂ ਕਿਸਾਨਾਂ ਨੂੰ ਸਚੇਤ ਰਹਿਣਾ ਚਾਹੀਦਾ ਹੈ । ਇਸ ਤਰ੍ਹਾਂ ਦੀਆਂ ਗਲਤੀਆਂ ਤੋਂ ਬਚਣ ਲਈ ਪੀ.ਏ.ਯੂ. ਲੁਧਿਆਣਾ ਜਾਂ ਪੰਜਾਬ ਬਾਗਬਾਨੀ ਵਿਭਾਗ ਦੇ ਤਕਨੀਕੀ ਮਾਹਰਾਂ ਤੋਂ ਸਲਾਹ ਲਓ । ਅਧਿਕਤਰ ਮਾਨਤਾ ਪ੍ਰਾਪਤ ਨਰਸਰੀਆਂ ਫ਼ਲਦਾਰ ਬੂਟੇ ਵਾਜਬ ਅਤੇ ਨਿਸ਼ਚਤ ਰੇਟਾਂ 'ਤੇ ਮੁਹਈਆ ਕਰਵਾਉਂਦੀਆਂ ਹਨ । ਗਲੀਆਂ ਵਿੱਚ ਬੂਟੇ ਵੇਚਣ ਵਾਲਿਆਂ ਜਾਂ ਗੈਰ-ਪ੍ਰਮਾਣਿਤ ਫ਼ਲੋਰੀਕਲਚਰ ਨਰਸਰੀਆਂ ਤੋਂ ਬੂਟੇ ਖਰੀਦਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ।

## ਸਰਫੇਸ ਸੀਡਿੰਗ ਵਿਧੀ ਨਾਲ ਝੋਨੇ ਦੀ ਪਰਾਲੀ ਨੂੰ ਖੇਤ ਵਿੱਚ ਸਾਂਭਣ ਵਾਲਾ ਪਿੰਡ ਨੂਰਪੁਰਾ ਦਾ ਅਗਾਂਹ-ਵਧੂ ਕਿਸਾਨ : ਸ. ਜਤਿੰਦਰ ਸਿੰਘ

ਸ. ਜਤਿੰਦਰ ਸਿੰਘ ਪਿੰਡ ਨੂਰਪੁਰਾ, ਜ਼ਿਲ੍ਹਾ ਸੰਗਰੂਰ ਦਾ ਰਹਿਣ ਵਾਲਾ ਕਿਸਾਨ ਹੈ ਅਤੇ ਉਹ ਆਪਣੇ ਖੇਤਾਂ ਵਿੱਚ ਝੋਨੇ ਦੀ ਪਰਾਲੀ ਨੂੰ ਬਗੈਰ ਅੱਗ ਲਾਏ ਹੀ ਕਣਕ ਦੀ ਬਿਜਾਈ ਕਰਦਾ ਹੈ । ਇਸ ਕਰਕੇ ਉਸਨੇ ਸਾਲ 2020 ਵਿੱਚ ਆਪਣੇ 15 ਕਿੱਲਿਆਂ ਵਿੱਚ ਬਗੈਰ ਪਰਾਲੀ ਸਾੜੇ ਹੈਪੀ ਸੀਡਰ ਨਾਲ ਕਣਕ ਦੀ ਬਿਜਾਈ ਕੀਤੀ । ਇਸ ਵਿਧੀ ਨਾਲ ਸ਼ੁਰੂਆਤੀ ਮਹੀਨੇ ਵਿੱਚ ਕਣਕ ਪੀਲੀ ਪੈਣ ਲੱਗ ਪਈ ਪਰ ਬਾਅਦ ਵਿੱਚ ਕਣਕ ਨੇ ਚੰਗਾ ਝਾੜ ਦਿੱਤਾ । ਪਿਛਲੇ ਕੁੱਝ ਸਾਲਾਂ ਤੋਂ ਜਤਿੰਦਰ ਸਿੰਘ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੁਆਰਾ ਸ਼ਿਫ਼ਾਰਸ਼ ਸੁਪਰ ਸੀਡਰ ਮਸ਼ੀਨ ਨਾਲ ਕਣਕ ਦੀ ਬਿਜਾਈ ਕੀਤੀ । ਇਸੇ ਸਾਲ 2025-26 ਵਿੱਚ ਫਾਰਮ ਸਲਾਹਕਾਰ ਸੇਵਾ ਕੇਂਦਰ, ਸੰਗਰੂਰ ਨਾਲ ਤਾਲਮੇਲ ਕਰਕੇ 15 ਕਿੱਲੇ ਕਣਕ ਦੀ ਪੀ ਬੀ ਡਬਲਿਊ 826 ਕਿਸਮ ਸੁਪਰ ਸੀਡਰ ਵਿਧੀ ਨਾਲ ਰੌਣੀ ਕਰਕੇ ਬੀਜੀ । ਉਹ ਘਰੇਲੂ ਵਰਤੋਂ ਲਈ ਤੇਲ ਬੀਜ ਫ਼ਸਲਾਂ, ਦਾਲਾਂ, ਤਿਲ, ਮਟਰ, ਹਲਦੀ, ਸੌਂਫ, ਮਸਰ ਆਦਿ ਦੀ ਵੀ ਖੇਤੀ ਕਰਦਾ ਹੈ ।

ਇਸੇ ਸਾਲ ਜਤਿੰਦਰ ਸਿੰਘ ਨੇ ਪੀ.ਏ.ਯੂ. ਲੁਧਿਆਣਾ ਵੱਲੋਂ ਸ਼ਿਫ਼ਾਰਸ਼ ਸਸਤੀ ਅਤੇ ਨਵੀਂ ਮਲਚਿੰਗ ਤਕਨੀਕ ਜਾਂ ਸਰਫੇਸ ਸੀਡਰ ਵਿਧੀ ਨਾਲ 2 ਕਿੱਲਿਆਂ ਤੇ ਨਵੀਂ ਕਿਸਮ ਪੀ ਬੀ ਡਬਲਊ 872 ਨੂੰ ਬਿਜਾਈ ਕੀਤੀ । ਪਾਣੀ ਨਾਲ ਦੀ ਨਾਲ ਹੀ ਮਲਚਰ ਫੇਰ ਕੇ ਲਗਾ ਦਿੱਤਾ ਗਿਆ । ਡੀ ਏ ਪੀ ਨੂੰ ਛਿੱਟੇ ਨਾਲ ਪਾਉਣ ਤੋਂ ਬਾਅਦ ਕਣਕ ਦਾ ਬਹੁਤ ਹੀ ਵਧੀਆ ਵਿਕਾਸ ਹੋਇਆ ਅਤੇ ਕੋਈ ਗੁੱਲੀ-ਡੰਡੇ ਦੀ ਸਮੱਸਿਆ ਵੀ ਨਹੀਂ ਆਈ । ਸ਼ੁਰੂ ਵਿੱਚ ਕਣਕ ਦਾ ਚੰਗਾ ਜੰਮ੍ਹ ਨਾ ਹੋਣ ਕਰਕੇ ਜਤਿੰਦਰ ਸਿੰਘ ਚਿੰਤਤ ਸੀ । ਪਰ ਹੌਲੀ-ਹੌਲੀ ਕਣਕ ਵਧੀਆ ਬੂਝਾ ਮਾਰਨ ਲੱਗ ਪਈ ਅਤੇ ਦਿੱਖ ਵਿੱਚ ਵੀ ਦੂਜੀਆਂ ਕਣਕਾਂ ਤੋਂ ਬਿਹਤਰ ਦਿਖਾਈ ਦੇਣ ਲੱਗ ਪਈ ਹੈ । ਇਸ ਵਿਧੀ ਨਾਲ ਬੀਜੀ ਕਣਕ ਤੇ ਕਿਸਾਨ ਦਾ ਬਹੁਤ ਹੀ ਘੱਟ ਖਰਚਾ ਆਇਆ, ਕੇਵਲ 2-3 ਲੀਟਰ ਡੀਜ਼ਲ ਨਾਲ ਹੀ ਇੱਕ ਕਿੱਲੇ ਦੀ ਬਿਜਾਈ ਹੋ ਗਈ । ਜਤਿੰਦਰ ਸਿੰਘ ਨੇ ਕਣਕ ਦੇ ਨਾਲ-ਨਾਲ ਪਸ਼ੂਆਂ ਲਈ ਅੱਧਾ ਕਿੱਲਾ ਜੌਂ ਵੀ ਇਸੇ ਵਿਧੀ ਨਾਲ ਬੀਜ ਦਿੱਤੇ । ਦੋਨੋਂ ਫ਼ਸਲਾਂ ਦਾ ਵਿਕਾਸ ਬਹੁਤ ਵਧੀਆ ਹੋ ਰਿਹਾ ਹੈ । ਕੋਈ ਗੁਲਾਬੀ ਸੁੰਡੀ ਦੀ ਸਮੱਸਿਆ ਵੀ ਨਹੀਂ ਆਈ । ਬਹੁਤ ਘੱਟ ਖਰਚੇ ਕਰਕੇ ਕਿਸਾਨ ਇਸ ਵਿਧੀ ਤੋਂ ਬਹੁਤ ਖੁਸ਼ ਹੈ ਅਤੇ ਪਿੰਡ ਦੇ ਹੋਰ ਕਿਸਾਨਾਂ ਨੂੰ ਵੀ ਇਸ ਵਿਧੀ ਨੂੰ ਅਪਨਾਉਣ ਲਈ ਪ੍ਰੇਰ ਰਿਹਾ ਹੈ ।

**- ਅਸ਼ੋਕ ਕੁਮਾਰ ਗਰਗ, ਫਾਰਮ ਸਲਾਹਕਾਰ ਸੇਵਾ ਕੇਂਦਰ, ਸੰਗਰੂਰ** (ਮੋ. 95018-55223)

ਕਿਸਾਨਾਂ ਦੀ ਸੇਵਾ ਵਿੱਚ 1983 ਤੋਂ ਪ੍ਰਕਾਸ਼ਿਤ ਹੋਣ ਵਾਲਾ

ਖੇਤੀ ਦੁਨੀਆਂ

ਸੰਪੂਰਨ ਖੇਤੀਬਾੜੀ ਹਫਤਾਵਾਰੀ

ਇੱਕ ਸਾਲ ਵਿੱਚ 52 ਅੰਕ

ਹਰ ਹਫਤੇ ਖੇਤੀ ਅਤੇ ਸਹਾਇਕ ਧੰਦਿਆਂ ਦੀ ਨਵੀਨਤਮ ਜਾਣਕਾਰੀ ਪਾਓ

ਚੰਦਿਆਂ 'ਤੇ ਵਿਸ਼ੇਸ਼ ਛੂਟ

ਇੱਕ ਸਾਲ 500 ਰੁਪਏ

ਦੋ ਸਾਲ 800 ਰੁਪਏ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਹੋਰ ਜਾਣਕਾਰੀ ਲਈ ਸੰਪਰਕ ਕਰੋ : 90410-14575, 98151-04575


# ਸੀ.ਜੀ.ਡਬਲਿਊ.ਬੀ. ਦੀ ਤਾਜ਼ਾ ਰਿਪੋਰਟ ਵਿੱਚ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦੀ ਹਾਲਤ ਬੁਰੀ

## ਪਾਣੀ ਵਿੱਚ ਵਧੀ ਯੂਰੇਨੀਅਮ ਦੀ ਮਾਤਰਾ ਕੈਂਸਰ ਤੇ ਗੁਰਦਿਆਂ ਦੇ ਰੋਗਾਂ ਦਾ ਬਣ ਰਹੀ ਕਾਰਨ

ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦੀ ਸਥਿਤੀ ਨੇ ਸਭ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ, ਜਿਸ ਕਾਰਨ ਪੰਜਾਬ ਸਰਕਾਰ ਨੂੰ 'ਇੰਟੀਗ੍ਰੇਟਿਡ ਸਟੇਟ ਵਾਟਰ ਪਲੈਨ' ਤਹਿਤ 14 ਨੁਕਤਿਆਂ ਵਾਲੀ ਰਣਨੀਤੀ ਬਣਾਉਣੀ ਪਈ ਹੈ। ਪੰਜਾਬ ਸਰਕਾਰ ਇੱਕ ਪੀ. ਬੀ. ਵੀ. ਕੇ. (ਪਾਣੀ ਬਚਾਓ, ਪੈਸੇ ਕਮਾਓ) ਯੋਜਨਾ ਰਾਹੀਂ ਕਿਸਾਨਾਂ ਨੂੰ ਬਿਜਲੀ ਦੀ ਖਪਤ ਘੱਟ ਕਰਨ 'ਤੇ ਬਚਾਈ ਬਿਜਲੀ ਦੀ ਕੀਮਤ ਵਜੋਂ ਨਗਦ ਇਨਾਮ ਦਿੱਤਾ ਜਾਂਦਾ ਹੈ। ਇਸ ਨਾਲ ਪਾਣੀ ਦੀ ਵਰਤੋਂ ਘਟੇਗੀ। ਪੰਜਾਬ ਲਈ ਖਤਰਾ ਪੈਦਾ ਹੋ ਰਿਹਾ ਹੈ ਕਿ ਕਿਤੇ ਪੀਣ ਵਾਲੇ ਪਾਣੀ ਦੇ ਮਾਮਲੇ ਵਿੱਚ ਪੰਜਾਬ ਦੀ ਹਾਲਤ ਵੀ ਬੰਗਲਾਦੇਸ਼ ਵਰਗੀ ਨਾ ਹੋ ਜਾਵੇ, ਜਿਸ ਨੂੰ ਠੀਕ ਕਰਨ ਲਈ 'ਬੰਗਲਾਦੇਸ਼ ਰੇਨ ਵਾਟਰ ਹਾਰਵੈਸਟਿੰਗ' ਅਤੇ 'ਡੈਸਲੀਨੇਸ਼ਨ ਪਲਾਂਟ' ਲਗਾਉਣ ਅਤੇ 'ਵਾਟਰਕ੍ਰੈਡਿਟ' ਵਰਗੀਆਂ ਪਹਿਲ ਕਦਮੀਆਂ ਕਰਨ ਦੇ ਨਾਲ-ਨਾਲ 'ਮਸ਼ੀਨ ਲਰਨਿੰਗ' ਤਕਨੀਕਾਂ ਵਰਤਣੀਆਂ ਪੈ ਰਹੀਆਂ ਹਨ, ਪਰ ਪੰਜਾਬ ਵਿੱਚ 'ਡੀਸੈਲੀਨੇਸ਼ਨ' ਤਾਂ ਸਿਰਫ ਗਿਣਤੀ ਦੇ ਸ਼ਹਿਰਾਂ ਵਿੱਚ ਹੀ ਹੋ ਸਕਦੀ ਹੈ, ਕਿਉਂਕਿ ਪੰਜਾਬ ਕੋਲ ਕੋਈ ਸਮੁੰਦਰ ਨਹੀਂ ਹੈ।

**ਸੀ. ਜੀ. ਡਬਲਿਊ. ਬੀ. ਦੀ 2024-25 ਦੀ ਕੌਮੀ ਰਿਪੋਰਟ**

ਕੇਂਦਰੀ ਧਰਤੀ ਹੇਠਲਾ ਪਾਣੀ ਬੋਰਡ (ਸੀ. ਜੀ. ਡਬਲਿਊ. ਬੀ.) ਦੀ ਤਾਜ਼ਾ



ਕੌਮੀ ਰਿਪੋਰਟ 2024-25 ਵਿੱਚ ਕਿਹਾ ਗਿਆ ਹੈ ਕਿ ਪੰਜਾਬ ਵਿੱਚ ਪਾਣੀ ਨੂੰ ਧਰਤੀ ਵਿੱਚੋਂ ਕੱਢਣ ਦੀ ਦਰ 156 ਫੀਸਦੀ ਤੱਕ ਪਹੁੰਚ ਗਈ ਹੈ। ਇਹ ਪੂਰੇ ਦੇਸ਼ ਵਿੱਚ ਸਭ ਤੋਂ ਵੱਧ ਹੈ। ਰਿਪੋਰਟ ਅਨੁਸਾਰ ਪੰਜਾਬ ਵਿੱਚ ਹਰ ਸਾਲ ਧਰਤੀ ਵਿੱਚ ਪਾਣੀ ਵਾਪਸ ਭਰਨ (ਰੀਚਾਰਜ) ਦੀ ਦਰ 18.60 ਅਰਬ ਘਣ ਮੀਟਰ ਹੈ, ਪਰ ਪੰਜਾਬ ਵਿੱਚ ਲੋਕ 26.27 ਅਰਬ ਘਣ ਮੀਟਰ ਪਾਣੀ ਸਾਲਾਨਾ ਕੱਢ ਰਹੇ ਹਨ। 1990 ਤੋਂ 2022 ਤੱਕ ਦੇ ਅੰਕੜਿਆਂ ਮੁਤਾਬਿਕ, ਪੰਜਾਬ ਵਿੱਚ 72 ਫੀਸਦੀ ਬਲਾਕਾਂ ਵਿੱਚ ਪਾਣੀ ਨੂੰ ਬਹੁਤ ਜ਼ਿਆਦਾ ਕੱਢਿਆ ਜਾ ਰਿਹਾ ਸੀ, ਪਰ ਨਵੇਂ ਅੰਕੜੇ ਦੱਸਦੇ ਹਨ ਕਿ ਹਾਲਤ ਹੁਣ ਹੋਰ ਵੀ ਖਰਾਬ ਹੈ। ਬਠਿੰਡਾ, ਜਲੰਧਰ ਅਤੇ ਅੰਮ੍ਰਿਤਸਰ ਵਰਗੇ ਜ਼ਿਲ੍ਹੇ ਸਭ ਤੋਂ ਵੱਧ ਪ੍ਰਭਾਵਿਤ ਹਨ। ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦੇ 62.50 ਫੀਸਦੀ ਨਮੂਨਿਆਂ ਵਿੱਚ ਯੂਰੇਨੀਅਮ ਮਿਲਿਆ ਹੈ, ਜੋ ਸਿਹਤ ਸੁਰੱਖਿਆ ਨਿਯਮਾਂ ਤੋਂ ਵੱਧ ਹੈ ਅਤੇ ਇਹ ਕੈਂਸਰ ਅਤੇ ਗੁਰਦਿਆਂ ਦੀ ਬਿਮਾਰੀ ਦਾ ਕਾਰਨ ਬਣ ਰਿਹਾ ਹੈ। ਪਿਛਲੇ ਇੱਕ ਸਾਲ ਵਿੱਚ ਯੂਰੇਨੀਅਮ ਵਾਲੇ ਪਾਣੀ ਦੇ ਨਮੂਨੇ 91.7 ਫੀਸਦੀ ਵੱਧ ਗਏ ਹਨ।

### ਪੰਜਾਬ ਗੁਆਂਢੀ ਰਾਜਾਂ ਨਾਲੋਂ ਵੱਧ ਵਰਤ ਰਿਹਾ ਹੈ ਪਾਣੀ

ਪੰਜਾਬ ਸਭ ਤੋਂ ਵੱਧ ਧਰਤੀ ਹੇਠਲਾ ਪਾਣੀ ਵਰਤਦਾ ਹੈ। ਰਾਜਸਥਾਨ 147.11 ਫੀਸਦੀ ਅਤੇ ਹਰਿਆਣਾ 136.75 ਫੀਸਦੀ ਧਰਤੀ ਹੇਠਲਾ ਪਾਣੀ ਕੱਢਦਾ ਹੈ। ਪਰ ਪੰਜਾਬ 156 ਫੀਸਦੀ ਪਾਣੀ ਵਰਤਦਾ ਹੈ। ਭਾਰਤ ਵਿੱਚ ਧਰਤੀ ਹੇਠਲੇ ਪਾਣੀ ਨੂੰ ਕੱਢਣ ਦੀ ਔਸਤ ਦਰ 60.6 ਫੀਸਦੀ ਹੈ। ਇਸ ਸੰਕਟ ਦੇ ਮੁੱਖ ਕਾਰਨ ਬਹੁਤ ਜ਼ਿਆਦਾ ਖੇਤੀ, ਝੋਨੇ ਅਤੇ ਗੰਨੇ ਵਰਗੀਆਂ ਫ਼ਸਲਾਂ, ਜਲਵਾਯੂ ਬਦਲਾਅ, ਘੱਟ ਮੀਂਹ ਅਤੇ ਗਲਤ ਤਰੀਕੇ ਨਾਲ ਘਰੇਲੂ ਅਤੇ ਉਦਯੋਗਿਕ ਪਾਣੀ ਕੱਢਣਾ ਹੈ। ਪੰਜਾਬ ਵਿੱਚ ਖੇਤੀ 80 ਫੀਸਦੀ ਪਾਣੀ ਵਰਤਦੀ ਹੈ, ਜੋ ਦੇਸ਼ ਦੀ ਔਸਤ ਨਾਲੋਂ ਵੱਧ ਹੈ।

**ਸਰਕਾਰਾਂ ਇਸ ਨੂੰ ਰੋਕਣ ਲਈ ਕਈ ਯੋਜਨਾਵਾਂ ਚਲਾ ਰਹੀਆਂ ਹਨ**

ਜਿੱਥੇ ਪੰਜਾਬ ਸਰਕਾਰ ਪੀ. ਬੀ. ਵੀ. ਕੇ. ਯੋਜਨਾ ਚਲਾ ਰਹੀ ਹੈ, ਉਥੇ ਧਰਤੀ ਹੇਠਲਾ ਪਾਣੀ ਬਚਾਉਣ ਵਾਲੇ ਮਾਸਟਰ ਪਲੈਨ ਅਧੀਨ 15.79 ਲੱਖ ਹੈਕਟੇਅਰ ਖੇਤੀ ਜ਼ਮੀਨ ਵਿੱਚ ਮਾਈਕਰੋ-ਸਿੰਚਾਈ ਅਤੇ ਬੰਦ ਪਾਈਪ ਨੈਟਵਰਕ ਸ਼ੁਰੂ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਨੇ 2020 ਵਿੱਚ ਗਰਾਊਂਡ ਵਾਟਰ ਨੂੰ ਕੱਢਣ ਅਤੇ ਬਚਾਉਣ ਲਈ ਨਿਯਮ ਵੀ ਲਾਗੂ ਕੀਤੇ ਸਨ, ਪਰ ਅਜੇ ਇਨ੍ਹਾਂ 'ਤੇ ਪੂਰਾ ਅਮਲ ਨਹੀਂ ਹੋ ਰਿਹਾ। ਪੰਜਾਬ ਵਿੱਚ 189 ਨਹਿਰਾਂ ਵਾਲੀਆਂ ਰੀਚਾਰਜ ਯੋਜਨਾਵਾਂ, 127 ਨਵੇਂ ਤਲਾਬ ਅਤੇ 100 ਚੈਕ ਡੈਮਾਂ 'ਤੇ ਕੰਮ ਚੱਲ ਰਿਹਾ ਹੈ। ਗੌਰਤਲਬ ਹੈ ਕਿ ਪਾਣੀ ਦੇ ਬਚਾਅ ਲਈ ਕੈਪਟਨ ਸਿੰਘ ਸਰਕਾਰ ਵੇਲੇ ਇਜ਼ਰਾਈਲ ਨਾਲ ਇੱਕ ਐਮ. ਓ. ਯੂ. ਹੋਣ ਦੀ ਚਰਚਾ ਹੋਈ ਸੀ। ਪਰ ਬਾਅਦ ਵਿੱਚ ਕੁਝ ਪਤਾ ਨਹੀਂ ਲੱਗਾ ਕਿ ਇਸ ਦਾ ਕੀ ਹੋਇਆ। ਹਾਲਾਂਕਿ ਤਾਜ਼ਾ ਰਿਪੋਰਟ ਹੈ ਕਿ ਦਸੰਬਰ 2025 ਵਿੱਚ ਇਜ਼ਰਾਈਲ ਅਤੇ ਪੰਜਾਬ ਨੇ ਸਹਿਯੋਗ ਵਧਾਉਣ ਦੀ ਗੱਲ ਕੀਤੀ ਹੈ, ਜਿਸ ਵਿੱਚ ਸੀਵਰੇਜ ਅਤੇ ਪਿੰਡਾਂ ਦੇ ਛੱਪੜਾਂ ਦਾ ਪਾਣੀ ਸਾਫ਼ ਕਰਕੇ ਖੇਤੀਬਾੜੀ ਲਈ ਵਰਤਣ ਦੀ ਯੋਜਨਾ ਹੈ ਤਾਂ ਕਿ 80 ਤੋਂ 90 ਫੀਸਦੀ ਗੰਦਾ ਪਾਣੀ ਰੀਸਾਈਕਲ ਕੀਤਾ ਜਾ ਸਕੇ, ਜਦੋਂਕਿ ਕੇਂਦਰ ਸਰਕਾਰ ਵੀ ਕੋਸ਼ਿਸ਼ ਕਰ ਰਹੀ ਹੈ। ਅਟਲ ਭੂਜਲ ਯੋਜਨਾ (ਅਟਲ ਜਲ) 2019 ਵਿੱਚ ਸ਼ੁਰੂ ਹੋਈ ਸੀ।

# ਹੜ੍ਹ ਪ੍ਰਭਾਵਿਤ ਜ਼ਮੀਨਾਂ ਵਿੱਚ ਸੇਮ, ਗਲ ਰਹੀ ਕਣਕ

## ਕਈ ਪਿੰਡਾਂ ਦੇ ਕਿਸਾਨ ਮਹਿੰਗੇ ਭਾਅ ਦਾ ਡੀਜ਼ਲ ਫੂਕ ਕੇ ਸੇਮ ਵਾਲੇ ਪਾਣੀ ਦੀ ਨਿਕਾਸੀ ਕਰਨ ਲਈ ਕਰ ਰਹੇ ਹਨ ਜੱਦੋ-ਜਹਿਦ

ਅਗਸਤ ਮਹੀਨੇ ਰਾਵੀ ਅਤੇ ਸੱਕੀ ਕਿਰਨ ਨਾਲੇ ਦੇ ਓਵਰਫਲੋ ਪਾਣੀ ਨਾਲ ਹੜ੍ਹ ਪ੍ਰਭਾਵਿਤ ਬਲਾਕ ਡੇਰਾ ਬਾਬਾ ਨਾਨਕ ਅਧੀਨ ਆਉਂਦੇ ਪਿੰਡ ਅਠਵਾਲ, ਭੁੱਲਰ, ਅਰਨੀਭੰਨ, ਵੜੈਚ, ਕੋਟਲੀ ਸੂਰਤ ਮੱਲ੍ਹੀ ਦੇ ਵੱਖ-ਵੱਖ ਕਿਸਾਨਾਂ ਦੀ ਕਰੀਬ 400 ਏਕੜ ਰਕਬੇ ਵਿੱਚ ਸੇਮ ਪੈਣ ਕਾਰਨ ਪਾਣੀ ਨਾਲ ਬਿਜਾਈ ਕੀਤੀ, ਸੋਨੇ ਵਰਗੀ ਕਣਕ ਦੀ ਫ਼ਸਲ ਨਸ਼ਟ ਹੋਣ ਦੇ ਕਿਨਾਰੇ ਹੈ, ਜਦੋਂਕਿ ਕਿਸਾਨਾਂ ਵੱਲੋਂ ਆਪਣੀਆਂ ਕਣਕ ਦੀਆਂ ਫ਼ਸਲਾਂ ਨੂੰ ਬਚਾਉਣ ਲਈ ਮਹਿੰਗੇ ਭਾਅ ਦਾ ਡੀਜ਼ਲ ਫੂਕ ਕੇ ਪਾਣੀ ਦੀ ਨਿਕਾਸੀ ਕਰਨ ਲਈ ਜੱਦੋ-ਜਹਿਦ ਕੀਤੀ ਜਾ ਰਹੀ ਹੈ।

ਇਸ ਸੰਬੰਧੀ ਉਕਤ ਪਿੰਡਾਂ ਨਾਲ ਸੰਬੰਧਿਤ ਪ੍ਰਭਾਵਿਤ ਕਿਸਾਨਾਂ ਨੇ ਦੱਸਿਆ ਕਿ ਵੱਖ-ਵੱਖ ਪਿੰਡਾਂ ਨਾਲ ਸੰਬੰਧਿਤ 100 ਦੇ ਕਰੀਬ ਕਿਸਾਨਾਂ ਜਿਨ੍ਹਾਂ ਦੀ ਪਿਛਲੇ ਸਾਲ ਅਗਸਤ ਮਹੀਨੇ ਰਾਵੀ ਅਤੇ ਸੱਕੀ ਕਿਰਨ ਨਾਲੇ ਦੇ ਪਾਣੀਆਂ ਨਾਲ ਆਏ ਹੜ੍ਹਾਂ ਦੌਰਾਨ ਕਰੀਬ 500 ਏਕੜ ਝੋਨੇ ਦੀ ਫ਼ਸਲ ਪਾਣੀ ਨਾਲ ਨਸ਼ਟ ਹੋ ਗਈ ਸੀ ਅਤੇ ਉਹਨਾਂ ਦਾ ਲੱਖਾਂ ਰੁਪਏ ਦਾ ਨੁਕਸਾਨ ਹੋਇਆ ਸੀ।

ਕਿਸਾਨਾਂ ਨੇ ਦੱਸਿਆ ਕਿ ਹੁਣ ਜਦੋਂ ਹੜ੍ਹਾਂ ਨਾਲ ਪ੍ਰਭਾਵਿਤ ਖੇਤਾਂ ਵਿੱਚ ਉਹਨਾਂ ਨੇ ਕਰਜ਼ਾ ਚੁੱਕ ਕੇ ਅਤੇ ਕੁਝ ਕਿਸਾਨਾਂ ਨੇ ਦਾਨੀਆਂ ਅਤੇ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਕਣਕ ਦਾ ਬੀਜ ਤੇਲ ਅਤੇ ਖਾਦਾਂ ਆਪਣੇ ਖੇਤਾਂ ਵਿੱਚ ਕਣਕ ਦੀ ਬਿਜਾਈ ਕੀਤੀ ਸੀ, ਪਰੰਤੂ ਇਹਨਾਂ ਹੜ੍ਹ ਪ੍ਰਭਾਵਿਤ ਜ਼ਮੀਨਾਂ ਵਿੱਚ ਬਾਰਿਸ਼ ਪੈਣ ਤੋਂ ਬਾਅਦ ਸੇਮ ਪੈਣ ਨਾਲ ਕਣਕ ਦੇ ਖੇਤਾਂ ਵਿੱਚ ਵੱਡੇ ਪੱਧਰ 'ਤੇ ਪਾਣੀ ਖੜ੍ਹਾ ਹੋ ਗਿਆ ਹੈ। ਉਹਨਾਂ ਦੱਸਿਆ ਕਿ ਪਾਣੀ ਸੇਮ ਨਾਲ ਦਿਨੋਂ ਦਿਨ ਵੱਧਦਾ ਜਾ ਰਿਹਾ ਹੈ ਅਤੇ ਕਿਸਾਨਾਂ ਵੱਲੋਂ ਬਿਜਾਈ ਕੀਤੀ ਕਣਕ ਪੀਲੀ ਪੈਣ ਤੋਂ ਇਲਾਵਾ ਕਣਕ ਦੀਆਂ ਜੜ੍ਹਾਂ ਗਲਦੀਆਂ ਜਾ ਰਹੀਆਂ ਹਨ। ਕਿਸਾਨਾਂ ਨੇ ਦੱਸਿਆ ਕਿ ਕਰੀਬ 400 ਏਕੜ ਵਿੱਚ ਪੈ ਰਹੀ ਸੇਮ ਕਾਰਨ ਉਹਨਾਂ ਦੀ ਬਿਜਾਈ ਕੀਤੀ ਕਣਕ ਦੀ ਫ਼ਸਲ ਨਸ਼ਟ ਹੋਣ ਦੇ ਕਿਨਾਰੇ ਹੈ। ਭਾਵੇਂ ਕਿਸਾਨਾਂ ਵੱਲੋਂ ਖੇਤਾਂ ਵਿੱਚੋਂ ਸੇਮ ਦਾ ਪਾਣੀ ਬਾਹਰ ਕੱਢਣ ਲਈ ਮਹਿੰਗੇ ਭਾਅ ਦੀਆਂ ਪਾਈਪਾਂ ਖਰੀਦ ਕੇ ਜਨਰੇਟਰਾਂ ਨਾਲ ਮਹਿੰਗੇ ਭਾਅ ਦਾ ਡੀਜ਼ਲ ਫੂਕ ਕੇ ਖੇਤਾਂ ਵਿੱਚ ਖੜ੍ਹੇ ਸੇਮ ਦੇ ਪਾਣੀ ਦੀ ਨਿਕਾਸੀ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਭਾਵੇਂ ਜਨਰੇਟਰਾਂ ਨਾਲ ਪਾਣੀ ਕੱਢਿਆ ਜਾ ਰਿਹਾ ਹੈ, ਪਰੰਤੂ ਇਸ ਦੇ ਬਾਵਜੂਦ ਸੇਮ ਦਾ ਪਾਣੀ ਕਣਕ ਦੇ ਖੇਤਾਂ ਵਿੱਚ ਵਧਦਾ ਹੀ ਜਾ ਰਿਹਾ ਹੈ। ਟਿਊਬਵੈਲਾਂ ਦੀ ਬਿਜਲੀ ਘੱਟ ਆਉਣ ਕਰਕੇ ਕਣਕਾਂ ਦੇ ਖੇਤਾਂ ਵਿੱਚੋਂ ਪਾਣੀ ਬਾਹਰ ਕੱਢਣ ਤੋਂ ਵਾਂਝੇ ਹਨ। ਕਿਸਾਨ ਆਗੂ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਜਿੱਥੇ ਪਿਛਲੇ ਸਮੇਂ ਹੜ੍ਹਾਂ ਦੌਰਾਨ ਪਾਣੀ ਨਾਲ ਉਹਨਾਂ ਦੇ ਏਰੀਏ ਦੀ 500 ਏਕੜ ਝੋਨੇ ਦੀ ਸੋਨੇ ਵਰਗੀ ਫ਼ਸਲ ਤਬਾਹ ਹੋ ਗਈ, ਉੱਥੇ ਹੁਣ ਹਰ ਪ੍ਰਭਾਵਿਤ ਖੇਤ ਵਿੱਚ ਸੇਮ ਪੈਣ ਨਾਲ ਉਹਨਾਂ ਵੱਲੋਂ ਚੋਖਾ ਖਰਚ ਕਰਕੇ ਬਿਜਾਈ ਕੀਤੀ ਕਣਕ ਦੀ ਫ਼ਸਲ ਵੀ ਪਾਣੀ ਨਾਲ ਨਸ਼ਟ ਹੋ ਰਹੀ ਹੈ। ਕਿਸਾਨਾਂ ਨੇ ਕਿਹਾ ਕਿ ਝੋਨੇ ਦੀ ਫ਼ਸਲ ਤੋਂ ਬਾਅਦ ਸੇਮ ਦੇ ਪਾਣੀ ਨਾਲ ਕਣਕ ਦੀ ਫ਼ਸਲ ਬਰਬਾਦ ਹੋਣ ਦਾ ਖਦਸ਼ਾ ਹੋਣ ਕਾਰਨ ਕਿਸਾਨਾਂ ਨੂੰ ਵੱਡੀ ਚਿੰਤਾ ਸਤਾ ਰਹੀ ਹੈ। ਉਹਨਾਂ ਕਿਹਾ ਕਿ ਹੜ੍ਹਾਂ ਦੀ ਮਾਰ ਕਾਰਨ ਇਸ ਇਲਾਕੇ ਦੇ ਕਿਸਾਨ ਪਹਿਲਾਂ ਹੀ ਵੱਡੀ ਆਰਥਿਕ ਤੰਗੀ ਦਾ ਸਾਹਮਣਾ ਕਰ ਰਹੇ ਹਨ।

# ਕਣਕਾਂ 'ਤੇ ਖਤਰਾ : ਫਰਵਰੀ ਵਿੱਚ ਗਰਮੀ ਵਧਣ ਦਾ ਖਦਸ਼ਾ

**★ ਹਾੜ੍ਹੀ ਦੀਆਂ ਫ਼ਸਲਾਂ 'ਤੇ ਖਤਰੇ ਦੇ ਬੱਦਲ ★ ਕਣਕ ਤੇ ਜੌਂ ਵਰਗੀਆਂ ਫ਼ਸਲਾਂ ਦੇ ਝਾੜ ਵਿੱਚ ਆ ਸਕਦੀ ਹੈ ਕਮੀ**

ਮੌਸਮ ਵਿਭਾਗ ਅਨੁਸਾਰ, ਅਸਾਧਾਰਨ ਤੌਰ 'ਤੇ ਗਰਮ ਜਨਵਰੀ ਤੋਂ ਬਾਅਦ ਫਰਵਰੀ ਮਹੀਨਾ ਭਾਰਤ ਵਿੱਚ ਵਧੇਰੇ ਗਰਮ ਅਤੇ ਖੁਸ਼ਕ ਰਹਿਣ ਦੀ ਸੰਭਾਵਨਾ ਹੈ। ਇਸ ਨਾਲ ਹਾੜ੍ਹੀ ਦੀਆਂ ਮੁੱਖ ਫ਼ਸਲਾਂ ਜਿਵੇਂ ਕਣਕ, ਸਰ੍ਹੋਂ ਅਤੇ ਛੋਲਿਆਂ ਲਈ ਜੋਖਮ ਵੱਧ ਗਿਆ ਹੈ। ਭਾਰਤ ਦੇ ਮੌਸਮ ਵਿਗਿਆਨ ਵਿਭਾਗ ਦੇ ਡਾਇਰੈਕਟਰ ਜਨਰਲ ਮ੍ਰਿਤੁੰਜਯ ਮਹਾਪਾਤਰਾ ਨੇ ਦੱਸਿਆ ਕਿ ਦੇਸ਼ ਦੇ ਉੱਤਰ-ਪੱਛਮੀ ਕਣਕ ਉਤਪਾਦਕ ਖੇਤਰਾਂ ਵਿੱਚ ਲੰਬੇ ਸਮੇਂ ਦੇ ਔਸਤ ਮੀਂਹ ਦੇ ਮੁਕਾਬਲੇ 78 ਫੀਸਦ ਨਾਲੋਂ ਵੀ ਘੱਟ ਬਾਰਿਸ਼ ਹੋਣ ਦੀ ਸੰਭਾਵਨਾ ਹੈ। ਦੇਸ਼ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਫਰਵਰੀ ਮਹੀਨੇ ਦੌਰਾਨ ਵੱਧ ਤੋਂ ਵੱਧ ਅਤੇ ਘੱਟ ਤੋਂ ਘੱਟ ਤਾਪਮਾਨ ਔਸਤ ਨਾਲੋਂ ਉੱਪਰ ਰਹੇਗਾ। ਕਣਕ ਅਤੇ ਜੌਂ ਵਰਗੀਆਂ ਫ਼ਸਲਾਂ ਦੇ ਝਾੜ ਵਿੱਚ ਕਮੀ ਆ ਸਕਦੀ ਹੈ। ਉੱਤਰ-ਪੱਛਮੀ ਅਤੇ ਨਾਲ ਲੱਗਦੇ ਮੱਧ ਭਾਰਤ ਦੇ ਕਈ ਹਿੱਸਿਆਂ ਵਿੱਚ ਸੀਤ ਲਹਿਰ ਵਾਲੇ ਦਿਨ ਆਮ ਨਾਲੋਂ ਘੱਟ ਰਹਿਣ ਦੀ ਉਮੀਦ ਹੈ। ਭਾਰਤ ਦੇ ਉੱਤਰੀ ਰਾਜ ਪੰਜਾਬ, ਹਰਿਆਣਾ ਤੇ ਉੱਤਰ ਪ੍ਰਦੇਸ਼ ਅਤੇ ਮੱਧ ਭਾਰਤ ਵਿੱਚ ਮੱਧ ਪ੍ਰਦੇਸ਼, ਦੇਸ਼ ਦੇ ਸਭ ਤੋਂ ਪ੍ਰਮੁੱਖ ਕਣਕ ਉਤਪਾਦਕ ਖੇਤਰ ਹਨ। ਹਾੜ੍ਹੀ ਦੀਆਂ ਫ਼ਸਲਾਂ ਜਿਵੇਂ ਕਣਕ, ਸਰ੍ਹੋਂ ਅਤੇ ਛੋਲੇ ਅਕਤੂਬਰ ਤੋਂ ਦਸੰਬਰ ਤੱਕ ਬੀਜੀਆਂ ਜਾਂਦੀਆ ਹਨ। ਇਨ੍ਹਾਂ ਫ਼ਸਲਾਂ ਨੂੰ ਵਧੀਆ ਝਾੜ ਦੇਣ ਲਈ ਆਪਣੇ ਵਾਧੇ ਅਤੇ ਪੱਕਣ ਦੇ ਪੜਾਵਾਂ ਦੌਰਾਨ ਠੰਢੇ ਮੌਸਮ ਦੀ ਲੋੜ ਹੁੰਦੀ ਹੈ। ਮੌਸਮ ਵਿਭਾਗ ਦੇ ਮੁਖੀ ਮਹਾਪਾਤਰਾ ਨੇ ਦੱਸਿਆ ਕਿ ਜਨਵਰੀ ਵਿੱਚ ਘੱਟ ਤੋਂ ਘੱਟ ਅਤੇ ਵੱਧ ਤੋਂ ਵੱਧ ਤਾਪਮਾਨ ਔਸਤ ਨਾਲੋਂ ਉੱਪਰ ਰਿਹਾ, ਕਿਉਂਕਿ ਦੇਸ਼ ਵਿੱਚ ਔਸਤ ਨਾਲੋਂ 31.5 ਫੀਸਦ ਘੱਟ ਬਾਰਿਸ਼ ਦਰਜ ਕੀਤੀ ਗਈ। ਖੇਤੀਬਾੜੀ ਮੰਤਰਾਲੇ ਦੇ ਅੰਕੜਿਆਂ ਅਨੁਸਾਰ 23 ਜਨਵਰੀ ਤੱਕ ਭਾਰਤੀ ਕਿਸਾਨਾਂ ਨੇ ਰਿਕਾਰਡ ਰਕਬੇ 'ਤੇ ਬਿਜਾਈ ਕੀਤੀ ਹੈ। ਰਿਕਾਰਡ ਮੁਤਾਬਕ 3.34 ਕਰੋੜ ਹੈਕਟੇਅਰ ਰਕਬੇ ਵਿੱਚ ਕਣਕ, ਜਦੋਂਕਿ 89.4 ਲੱਖ ਹੈਕਟੇਅਰ ਰਕਬੇ ਵਿੱਚ ਸਰ੍ਹੋਂ ਬੀਜੀ ਗਈ ਹੈ। ਮੁੰਬਈ ਸਥਿਤ ਗਲੋਬਲ ਟਰੇਡ ਹਾਊਸ ਦੇ ਡੀਲਰ ਨੇ ਕਿਹਾ ਕਿ, "ਫਰਵਰੀ ਮਹੀਨੇ ਤਾਪਮਾਨ ਵਿੱਚ ਵਾਧਾ ਹੁੰਦਾ ਹੈ ਤਾਂ ਇਸ ਨਾਲ ਝਾੜ ਵਿੱਚ ਕਮੀ ਆਵੇਗੀ।"

# ਮੌਨਸੂਨ ਇਸ ਵਾਰ ਪੈ ਸਕਦੈ ਕਮਜ਼ੋਰ

**★ ਜੂਨ ਦੇ ਮੱਧ ਵਿੱਚ ਗਤੀਸ਼ੀਲ ਹੋ ਸਕਦਾ ਹੈ ਅਲਨੀਨੋ**

**★ ਇਸ ਦੇ ਪ੍ਰਭਾਵ ਨਾਲ ਜ਼ਿਆਦਾ ਗਰਮੀ ਤੇ ਘੱਟ ਪਵੇਗਾ ਮੀਂਹ**



ਦੇਸ਼ ਵਿੱਚ ਇਸ ਵਾਰ ਮੌਨਸੂਨ ਨੂੰ ਲੈ ਕੇ ਚਿੰਤਾਜਨਕ ਸੰਕੇਤ ਸਾਹਮਣੇ ਆ ਰਹੇ ਹਨ। ਮੌਸਮ ਵਿਗਿਆਨੀਆਂ ਮੁਤਾਬਕ ਅਲਨੀਨੋ ਦੇ ਜੂਨ ਦੇ ਅੱਧ ਜਾਂ ਬਾਅਦ ਵਿੱਚ ਪ੍ਰਸ਼ਾਂਤ ਮਹਾਸਾਗਰ ਵਿੱਚ ਸਰਗਰਮ ਹੋਣ ਦੀ ਸੰਭਾਵਨਾ ਹੈ, ਜਿਸ ਦਾ ਸਿੱਧਾ ਅਸਰ ਭਾਰਤ ਵਿੱਚ ਮੌਨਸੂਨ ਦੀ ਬਾਰਸ਼ 'ਤੇ ਪੈਣ ਦੀ ਸੰਭਾਵਨਾ ਹੈ। ਜਦੋਂ ਅਲਨੀਨੋ ਦੀਆਂ ਸਥਿਤੀਆਂ ਬਣਦੀਆਂ ਹਨ, ਤਾਂ ਦੇਸ਼ ਵਿੱਚ ਆਮ ਤੌਰ 'ਤੇ ਘੱਟ ਬਾਰਸ਼ ਹੁੰਦੀ ਹੈ ਅਤੇ ਗਰਮੀ ਵੱਧਦੀ ਹੈ। ਆਸਟਰੇਲੀਆਈ ਮੌਸਮ ਵਿਗਿਆਨ ਬਿਊਰੋ ਦੇ ਅਨੁਸਾਰ, ਅਲਨੀਨਾ ਦੀ ਸਥਿਤੀ ਇਸ ਸਮੇਂ ਪ੍ਰਸ਼ਾਤ ਮਹਾਸਾਗਰ ਵਿੱਚ ਪ੍ਰਚਲਿਤ ਹੈ ਪਰ ਇਹ ਹੌਲੀ-ਹੌਲੀ ਕਮਜ਼ੋਰ ਹੁੰਦਾ ਜਾ ਰਿਹਾ ਹੈ। ਪ੍ਰਸ਼ਾਂਤ ਮਹਾਸਾਗਰ ਦੀ ਸਤਹ ਤੋਂ ਹੇਠਾਂ ਗਰਮ ਪਾਣੀ ਇਕੱਠਾ ਹੋ ਰਿਹਾ ਹੈ ਜੋ ਆਉਣ ਵਾਲੇ ਮਹੀਨਿਆਂ ਵਿੱਚ ਅਲਨੀਨੋ ਦਾ ਕਾਰਨ ਬਣ ਸਕਦਾ ਹੈ। ਮੌਸਮ ਵਿਗਿਆਨੀਆਂ ਦਾ ਕਹਿਣਾ ਹੈ ਕਿ ਫਰਵਰੀ ਦੇ ਅੰਤ ਤੱਕ ਸਥਿਤੀ ਨਿਰਪੱਖ ਹੋ ਸਕਦੀ ਹੈ ਅਤੇ ਇਹ ਸਥਿਤੀ ਮਾਰਚ ਤੋਂ ਮਈ ਤੱਕ ਇੱਕੋ ਜਿਹੀ ਰਹਿ ਸਕਦੀ ਹੈ ਪਰ ਇਸ ਤੋਂ ਬਾਅਦ ਜੂਨ ਤੋਂ ਅਲਨੀਨੋ ਦੇ ਹੌਲੀ-ਹੌਲੀ ਸਰਗਰਮ ਹੋਣ ਦੀ ਸੰਭਾਵਨਾ ਵੱਧ ਜਾਵੇਗੀ। ਆਮ ਤੌਰ 'ਤੇ ਅਲਨੀਨਾ ਤੋਂ ਬਾਅਦ ਆਉਣ ਵਾਲੇ ਅਲਨੀਨੋ ਨੂੰ ਵਧੇਰੇ ਪ੍ਰਭਾਵਸ਼ਾਲੀ ਮੰਨਿਆ ਜਾਂਦਾ ਹੈ ਅਤੇ ਇਸ ਸਾਲ ਵੀ ਉਹੀ ਸਥਿਤੀ ਵੇਖੀ ਜਾ ਸਕਦੀ ਹੈ। ਅਲਨੀਨੋ ਉਦੋਂ ਬਣਦਾ ਹੈ ਜਦੋਂ ਪ੍ਰਸ਼ਾਂਤ ਮਹਾਂਸਾਗਰ ਦੇ ਭੂਮੱਧ ਖੇਤਰ ਵਿੱਚ ਸਮੁੰਦਰ ਦੀ ਸਤਹਿ ਦਾ ਤਾਪਮਾਨ ਆਮ ਨਾਲੋਂ 0.5 ਡਿਗਰੀ ਸੈਲਸੀਅਸ ਜਾਂ ਇਸ ਤੋਂ ਵੱਧ ਜਾਂਦਾ ਹੈ। ਇਹ ਹਵਾਵਾਂ ਦੀ ਦਿਸ਼ਾ ਅਤੇ ਗਤੀ ਨੂੰ ਬਦਲਦਾ ਹੈ ਅਤੇ ਸਾਰੇ ਸੰਸਾਰ ਦੇ ਮੌਸਮ ਨੂੰ ਪ੍ਰਭਾਵਤ ਕਰਦਾ ਹੈ। ਭਾਰਤ ਵਿੱਚ ਇਸ ਦਾ ਸਭ ਤੋਂ ਵੱਡਾ ਅਸਰ ਦੱਖਣ-ਪੱਛਮੀ ਮਾਨਸੂਨ 'ਤੇ ਪੈਂਦਾ ਹੈ। ਅਲਨੀਨੋ ਦੇ ਦੌਰਾਨ, ਹਵਾ ਦੀ ਦਿਸ਼ਾ ਬਦਲ ਜਾਂਦੀ ਹੈ, ਜਿਸ ਨਾਲ ਬਹੁਤ ਸਾਰੇ ਖੇਤਰਾਂ ਵਿੱਚ ਘੱਟ ਬਾਰਸ਼ ਅਤੇ ਸੋਕੇ ਵਰਗੀਆਂ ਸਥਿਤੀਆਂ ਪੈਦਾ ਹੁੰਦੀਆਂ ਹਨ। ਪਿਛਲੇ ਅਨੁਭਵ ਵੀ ਇਸ ਖ਼ਤਰੇ ਵੱਲ ਇਸ਼ਾਰਾ ਕਰਦੇ ਹਨ। 1986 ਵਿੱਚ, ਅਲਨੀਨੋ ਨੇ ਦੇਸ਼ ਦੇ ਕਈ ਹਿੱਸਿਆਂ ਵਿੱਚ ਗੰਭੀਰ ਸੋਕਾ ਪੈਦਾ ਕਰ ਦਿੱਤਾ। ਇਸੇ ਤਰ੍ਹਾਂ 2014 ਵਿੱਚ ਮਾਨਸੂਨ ਦੀ ਬਾਰਸ਼ ਆਮ ਨਾਲੋਂ 12 ਫ਼ੀਸਦੀ ਘੱਟ ਸੀ। ਤਿੰਨ ਸਾਲ ਪਹਿਲਾਂ 2023 ਦੇ ਅਲਨੀਨੋ ਨੇ ਵੀ ਭਾਰਤ ਵਿੱਚ ਖੇਤੀ ਦੇ ਲਈ ਪਰੇਸ਼ਾਨੀ ਪੈਦਾ ਕੀਤੀ ਸੀ। ਇਸ ਵਾਰ ਵੀ ਮੌਸਮ ਵਿਗਿਆਨੀ ਚਿਤਾਵਨੀ ਦੇ ਰਹੇ ਹਨ ਕਿ ਜੇਕਰ ਜੂਨ ਤੋਂ ਬਾਅਦ ਅਲਨੀਨੋ ਦਾ ਪ੍ਰਭਾਵ ਵੱਧਦਾ ਹੈ ਤਾਂ ਮੌਨਸੂਨ ਦੀ ਗਤੀ ਹੌਲੀ ਹੋ ਸਕਦੀ ਹੈ।

ਸਕਾਈਮੇਟ ਦੇ ਚੇਅਰਮੈਨ ਜੇਪੀ ਸ਼ਰਮਾ ਦਾ ਮੰਨਣਾ ਹੈ ਕਿ ਇਸ ਵਾਰ ਅਲਨੀਨੋ ਹੌਲੀ-ਹੌਲੀ ਵਿਕਾਸ ਕਰੇਗਾ। ਅਜਿਹੇ ਮਾਮਲਿਆਂ ਵਿੱਚ, ਮਾਨਸੂਨ 'ਤੇ ਪ੍ਰਭਾਵ ਵਧੇਰੇ ਗੁੰਝਲਦਾਰ ਅਤੇ ਕਈ ਵਾਰ ਵਧੇਰੇ ਖਤਰਨਾਕ ਹੋ ਸਕਦਾ ਹੈ। ਹਾਲਾਂਕਿ ਮੌਸਮ ਵਿਭਾਗ ਇਹ ਵੀ ਸਪੱਸ਼ਟ ਕਰ ਰਿਹਾ ਹੈ ਕਿ ਇਹ ਅਜੇ ਵੀ ਸ਼ੁਰੂਆਤੀ ਭਵਿੱਖਬਾਣੀ ਹੈ। ਜਨਵਰੀ-ਫਰਵਰੀ ਦੇ ਮੁਲਾਂਕਣ ਨੂੰ ਪੂਰੀ ਤਰ੍ਹਾਂ ਸਹੀ ਨਹੀਂ ਮੰਨਿਆ ਜਾਂਦਾ। ਮੌਨਸੂਨ ਦਾ ਵਧੇਰੇ ਭਰੋਸੇਮੰਦ ਅਨੁਮਾਨ ਮਾਰਚ ਵਿੱਚ ਸਾਹਮਣੇ ਆਵੇਗਾ, ਜਦੋਂ ਸਮੁੰਦਰ ਦੀ ਸਤਹਿ ਦਾ ਤਾਪਮਾਨ ਅਤੇ ਹਵਾ ਦੇ ਰੁਝਾਨ ਵਧੇਰੇ ਸਪੱਸ਼ਟ ਹੋ ਜਾਣਗੇ। ਫਿਲਹਾਲ ਇੱਕੋ-ਇੱਕ ਸੰਕੇਤ ਹੈ ਕਿ ਮੌਨਸੂਨ ਸ਼ੁਰੂ ਵਿੱਚ ਆਮ ਹੋ ਸਕਦਾ ਹੈ, ਪਰ ਜੂਨ ਦੇ ਅੱਧ ਜਾਂ ਜੁਲਾਈ ਦੇ ਅਰੰਭ ਤੋਂ ਮੀਂਹ ਕਮਜ਼ੋਰ ਹੋਣ ਦਾ ਖਤਰਾ ਰਹੇਗਾ।

# ਕਿਸਾਨਾਂ ਵਿੱਚ ਮੋਬਾਇਲ ਤੋਂ ਮੋਟਰ ਚਲਾਉਣ ਤੇ ਬੰਦ ਕਰਨ ਦਾ ਚਲਣ ਵੱਧਣ ਲੱਗਾ

## ਵਰਦਾਨ ਸਾਬਤ ਹੋ ਸਕਦੀ ਹੈ ਇਹ ਤਕਨੀਕ



**ਇਸ ਯੰਤਰ ਦੀ ਵਰਤੋਂ ਕਰਨ ਵਾਲੇ ਕਿਸਾਨ ਮਹਿਲ ਸਿੰਘ ਢੀਂਡਸਾ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਤਿੰਨ ਮੋਟਰਾਂ 'ਤੇ ਇਹ ਯੰਤਰ ਲਗਾਇਆ ਗਿਆ ਹੈ ਅਤੇ ਟਿਊਬਵੈੱਲ ਦਾ ਚਲਾਉਣ ਤੇ ਬੰਦ ਕਰਨ ਦਾ ਸਾਰਾ ਨਿਯੰਤਰਣ ਉਨ੍ਹਾਂ ਦੇ ਮੋਬਾਇਲ 'ਤੇ ਹੈ। ਉਨ੍ਹਾਂ ਕਿਹਾ ਕਿ ਇਹ ਯੰਤਰ ਉਨ੍ਹਾਂ ਹੀ ਬੜਾ ਸਹਾਈ ਸਾਬਤ ਹੋ ਰਿਹਾ ਹੈ ਇਸ ਨਾਲ ਬਿਨਾਂ ਖੱਜਲ-ਖੁਆਰੀ ਦੇ ਊਰਜਾ, ਸਮਾਂ ਅਤੇ ਪਾਣੀ ਦੀ ਬੱਚਤ ਹੁੰਦੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਭਰਾ ਕੁੱਝ ਸਮਾਂ ਪਹਿਲਾਂ ਕੈਨੇਡਾ ਗਿਆ ਸੀ ਅਤੇ ਐਪ ਦਾ ਨਿਯੰਤਰਣ ਉਸ ਕੋਲ ਸੀ ਅਤੇ ਉਹ ਕੈਨੇਡਾ ਬੈਠਾ ਹੀ ਮੋਟਰ ਚਲਾ ਅਤੇ ਬੰਦ ਕਰ ਦਿੰਦਾ ਸੀ।**

ਇੱਕ ਸਮਾਂ ਸੀ ਜਦੋਂ ਮੀਂਹ, ਧੁੱਪ, ਗਰਮੀ, ਸਰਦੀ, ਦਿਨ ਅਤੇ ਰਾਤ ਮੌਕੇ ਵੀ ਕਿਸਾਨ ਨੂੰ ਅਨਿਯਮਤ ਬਿਜਲੀ ਸਪਲਾਈ ਮੌਕੇ ਘਰੋਂ ਉੱਠ ਕੇ ਟਿਊਬਵੈੱਲ ਚਲਾਉਣ ਜਾਂ ਬੰਦ ਕਰਨ ਲਈ ਭੱਜਣਾ ਪੈਂਦਾ ਸੀ। ਸਾਲ 2002 ਦੇ ਕਰੀਬ ਇੱਕ ਯੰਤਰ ਆਇਆ ਸੀ ਜਿਸ ਨੂੰ ਭਈਏ ਦਾ ਨਾਂਅ ਦਿੱਤਾ ਗਿਆ। ਇਸ ਆਟੋਮੈਟਿਕ ਯੰਤਰ ਨਾਲ ਮੋਟਰ ਬੱਤੀ ਆਉਣ 'ਤੇ ਆਪਣੇ ਆਪ ਚੱਲ ਪੈਂਦੀ ਸੀ ਜਿਸ ਨੂੰ ਕਿਸਾਨਾਂ ਵੱਲੋਂ ਵੱਡੀ ਰਾਹਤ ਪ੍ਰਾਪਤੀ ਵਜੋਂ ਗਿਣਿਆ ਜਾਂਦਾ ਰਿਹਾ। ਹੁਣ ਕਿਸਾਨ ਤਕਨੀਕ ਦੇ ਕ੍ਰਾਂਤੀਕਾਰੀ ਮੋੜ 'ਤੇ ਮੋਬਾਇਲ ਵਿੱਚ ਐਪ ਰਾਹੀਂ ਮੋਟਰ ਚਲਾਉਣ ਬੰਦ ਕਰਨ ਦਾ ਨਿਯੰਤਰਨ ਦੂਰ ਬੈਠਿਆਂ ਹੀ ਨਹੀਂ ਕਰ ਸਕਦਾ ਬਲਕਿ ਉਸ ਨੂੰ ਖ਼ਰਾਬੀ ਦਾ ਵੀ ਤੁਰੰਤ ਪਤਾ ਲੱਗ ਜਾਂਦਾ ਹੈ। ਖੇਤੀਬਾੜੀ ਧੰਦੇ ਵਿੱਚ ਮੋਟਰ ਬੰਦ ਕਰਨ ਤੇ ਚਲਾਉਣ ਦਾ ਅਮਲ ਇੱਕ ਖੇਤਰ ਦੇ ਔਖੇ ਕੰਮਾਂ ਵਿੱਚੋਂ ਇੱਕ ਗਿਣਿਆ ਜਾਂਦਾ ਹੈ। ਇਸ ਕੰਮ ਲਈ ਟਿਊਬਵੈੱਲ ਸਟਾਰਟਰ ਨਾਲ ਜੁੜੇ ਮੋਬਾਇਲ ਰਾਹੀਂ ਐਪ ਦੇ ਇਸ ਕੁਨੈਕਸ਼ਨ ਅਤੇ ਨੈੱਟਵਰਕ ਦੀ ਸਹਾਇਤਾ ਨਾਲ ਠੰਢੀਆਂ ਤੇ ਧੁੰਦਾਂ ਵਾਲੀਆਂ ਰਾਤਾਂ ਮੌਕੇ ਘਰੋਂ ਹੀ ਮੋਟਰ ਚਲਾਉਣੀ ਜਾਂ ਬੰਦ ਨਹੀਂ ਕਰ ਸਕਦਾ ਬਲਕਿ ਵਿਦੇਸ਼ ਵਿੱਚ ਵੀ ਉਹ ਇਸ ਕੰਮ ਨੂੰ ਇੱਕ ਟੱਚ ਨਾਲ ਅੰਜ਼ਾਮ ਦੇ ਸਕਦਾ ਹੈ ਭਾਵੇਂ ਇਸ ਤਕਨੀਕ ਨੂੰ ਆਇਆਂ ਕੁੱਝ ਸਮਾਂ ਹੋ ਗਿਆ ਹੈ ਪਰ ਹੁਣ ਇਸ ਤਕਨੀਕ ਦੀ ਵਰਤੋਂ ਦਾ ਪ੍ਰਚਲਣ ਲਗਾਤਾਰ ਵੱਧ ਰਿਹਾ ਹੈ। ਇਸ ਤਕਨੀਕ ਲਈ ਵੱਖ-ਵੱਖ ਕੰਪਨੀਆਂ ਨੇ ਅਜਿਹੇ ਯੰਤਰ ਤਿਆਰ ਕੀਤੇ ਹਨ ਜੋ ਮੋਟਰ ਦੇ ਸਟਾਰਟਰ ਨਾਲ ਜੁੜੇ ਹੋਏ ਹਨ ਅਤੇ ਇਸ ਵਿੱਚ ਇੱਕ ਸਿਮ ਪੈਂਦਾ ਹੈ ਜਿਸ ਦੀ ਸਹਾਇਤਾ ਨਾਲ ਇਹ ਯੰਤਰ ਮੋਬਾਇਲ ਐਪ ਰਾਹੀਂ ਮੋਬਾਇਲ ਨਾਲ ਜੁੜਦੇ ਹਨ। ਨੈੱਟਵਰਕ ਦੀ ਸਹਾਇਤਾ ਨਾਲ ਦੂਰ-ਦੁਰਾਡੇ ਬੈਠਿਆਂ ਕਿਸਾਨ ਆਪਣਾ ਨਿਯੰਤਰਣ ਮੋਟਰ 'ਤੇ ਬਣਾ ਲੈਂਦਾ ਹੈ ਅਤੇ ਜਦੋਂ ਬੱਤੀ ਆਉਂਦੀ ਹੈ ਤਾਂ ਇਸ ਦਾ ਅਲਰਟ ਮੋਬਾਇਲ 'ਤੇ ਪਹੁੰਚ ਜਾਂਦਾ ਹੈ ਅਤੇ ਕਿਸਾਨ ਤੁਰੰਤ ਇਸ 'ਤੇ ਟੱਚ ਕਰਕੇ ਮੋਟਰ ਚਲਾ ਜਾਂ ਬੰਦ ਕਰ ਸਕਦਾ ਹੈ। ਇਸ ਤੋਂ ਇਲਾਵਾ ਮੋਟਰ ਸਟਾਰਟ ਜਾਂ ਟਿਊਬਵੈੱਲ ਵਿੱਚ ਕੋਈ ਜੇਕਰ ਖ਼ਰਾਬੀ ਆਉਂਦੀ ਹੈ ਇਸ ਐਪ ਰਾਹੀਂ ਹਰ ਸਮੱਸਿਆ ਬਾਰੇ ਸਹੀ ਜਾਣਕਾਰੀ ਅਤੇ ਅਲਰਟ ਕਿਸਾਨ ਨੂੰ ਮਿਲ ਜਾਂਦਾ ਹੈ। ਇਸ ਪ੍ਰਣਾਲੀ 'ਤੇ ਅੰਦਾਜ਼ਨ 10 ਹਜ਼ਾਰ ਤੱਕ ਪ੍ਰਤੀ ਮੋਟਰ ਦਾ ਖਰਚਾ ਆਉਂਦਾ ਹੈ ਅਤੇ ਇਸ ਦੇ ਨਾਲ ਹੀ 200 ਰੁਪਏ ਪ੍ਰਤੀ ਮਹੀਨੇ ਵਰਤੇ ਜਾਂਦੇ ਨੈੱਟਵਰਕ ਸਿਮ ਦੇ ਰਿਚਾਰਜ਼ 'ਤੇ ਆਉਂਦਾ ਹੈ। ਇਸ ਪ੍ਰਣਾਲੀ ਦੇ ਆਉਣ ਨਾਲ ਜਿੱਥੇ ਇਸ ਨਾਲ ਮਨੁੱਖੀ ਸ਼ਕਤੀ ਦੀ ਘਾਟ ਨਾਲ ਨਜਿੱਠਣ ਵਿੱਚ ਮਦਦ ਮਿਲਦੀ ਹੈ ਉੱਥੇ ਨਾਲ ਹੀ ਪਾਣੀ, ਊਰਜਾ, ਬਿਜਲੀ ਅਤੇ ਸਮੇਂ ਦੀ ਬੱਚਤ ਵੀ ਕਿਸਾਨਾਂ ਲਈ ਵਰਦਾਨ ਸਾਬਤ ਹੋ ਰਹੀ ਹੈ।









ਇੰਡੀਆ ਐਗਰੀ ਐਕਸਪੋ-2026 ਵਿੱਚ ਲਗਾਏ ਗਏ ਸਟਾਲਾਂ 'ਤੇ ਉਤਪਾਦਾਂ ਸੰਬੰਧੀ ਜਾਣਕਾਰੀ ਹਾਸਿਲ ਕਰਦੇ ਹੋਏ ਕਿਸਾਨ ।

# ਇੰਡੀਆ ਐਗਰੀ ਐਕਸਪੋ 50 ਹਜ਼ਾਰ ਦਰਸ਼ਕਾਂ ਦੀ ਰਿਕਾਰਡ ਤੋੜ ਆਮਦ ਨਾਲ ਸਫਲਤਾਪੂਰਵਕ ਸਮਾਪਤ

ਲੁਧਿਆਣਾ ਪ੍ਰਦਰਸ਼ਨੀ ਕੇਂਦਰ ਸਾਹਨੇਵਾਲ ਵਿਖੇ ਚੱਲੀ ਤਿੰਨ ਰੋਜ਼ਾ ਇੰਡੀਆ ਐਗਰੀ ਐਕਸਪੋ-2026 ਆਪਣੇ ਆਖਰੀ ਦਿਨ 50 ਹਜ਼ਾਰ ਤੋਂ ਵੱਧ ਦਰਸ਼ਕਾਂ ਦੀ ਰਿਕਾਰਡ ਤੋੜ ਆਮਦ ਦਰਜ ਕਰਦੀ ਹੋਈ ਸਮਾਪਤ ਹੋ ਗਈ, ਜੋ ਕਿ ਖੇਤੀਬਾੜੀ ਅਤੇ ਸਹਾਇਕ ਖੇਤਰਾਂ ਲਈ ਇੱਕ ਮੋਹਰੀ ਪਲੇਟਫਾਰਮ ਵਜੋਂ ਵਧਦੀ ਮਹੱਤਤਾ ਦੀ ਪੁਸ਼ਟੀ ਕਰਦੀ ਹੈ। ਜ਼ਿਕਰਯੋਗ ਹੈ ਕਿ ਇਸ ਪ੍ਰਦਰਸ਼ਨੀ ਨੇ ਭਾਰਤੀ ਖੇਤੀਬਾੜੀ ਵਿੱਚ ਉਤਪਾਦਕਤਾ ਅਤੇ ਸਥਿਰਤਾ ਨੂੰ ਵਧਾਉਣ ਦੇ ਉਦੇਸ਼ ਨਾਲ ਨਵੀਨਤਮ ਤਰੱਕੀਆਂ, ਤਕਨਾਲੋਜੀਆਂ ਦਾ ਪ੍ਰਦਰਸ਼ਨ ਕੀਤਾ ।

ਐਕਸਪੋ ਵਿੱਚ ਦੇਸ਼ ਭਰ ਦੇ ਕਿਸਾਨਾਂ, ਨਿਰਮਾਤਾਵਾਂ, ਡੀਲਰਾਂ, ਵਿਤਰਕਾਂ, ਖੇਤੀਬਾੜੀ-ਸਟਾਰਟਅੱਪਾਂ, ਖੋਜਕਰਤਾਵਾਂ ਅਤੇ ਉਦਯੋਗ ਪੇਸ਼ੇਵਰਾਂ ਦੀ ਭਾਗੀਦਾਰੀ ਦੇਖਣ ਨੂੰ ਮਿਲੀ । ਪ੍ਰਦਰਸ਼ਕਾਂ ਨੇ ਸਮੁੱਚੇ ਸੰਗਠਨ ਨਾਲ ਬਹੁਤ ਸੰਤੁਸ਼ਟੀ ਪ੍ਰਗਟ ਕੀਤੀ ਅਤੇ ਸੈਲਾਨੀਆਂ ਦੀ ਗੁਣਵੱਤਾ ਦੀ ਸ਼ਲਾਘਾ ਕੀਤੀ, ਜਿਸ ਦੇ ਨਤੀਜੇ ਵਜੋਂ ਮਜ਼ਬੂਤ ਕਾਰੋਬਾਰੀ ਪੀੜ੍ਹੀ, ਕੀਮਤੀ ਵਪਾਰਕ ਪੁੱਛਗਿੱਛਾਂ ਅਤੇ ਭਵਿੱਖੀ ਸਹਿਯੋਗ ਦਾ ਵਾਅਦਾ ਕੀਤਾ ਗਿਆ । ਬਹੁਤ ਸਾਰੇ ਪ੍ਰਦਰਸ਼ਕਾਂ ਨੇ ਇੱਕ ਕੇਂਦ੍ਰਿਤ, ਕਾਰੋਬਾਰ-ਮੁਖੀ ਵਾਤਾਵਰਣ ਬਣਾਉਣ ਲਈ ਪ੍ਰਬੰਧਕਾਂ ਦੀ ਸ਼ਲਾਘਾ ਕੀਤੀ । ਇਹ ਐਕਸਪੋ ਕਿਸਾਨਾਂ ਅਤੇ ਉਦਯੋਗ ਦੇ ਹਿੱਸੇਦਾਰਾਂ ਲਈ ਇੱਕ ਪ੍ਰਭਾਵਸ਼ਾਲੀ ਗਿਆਨ-ਸਾਂਝਾਕਰਨ ਅਤੇ ਨੈਟਵਰਕਿੰਗ ਪਲੇਟਫਾਰਮ ਵਜੋਂ ਕੰਮ ਕਰਦੀ ਹੈ, ਜੋ ਕਿ ਬੁਲੰਦੀਆਂ ਛੂਹ ਰਹੀ ਹੈ । ਇਸ ਵਿੱਚ ਜਿੱਥੇ ਦੇਸ਼-ਵਿਦੇਸ਼ ਤੋਂ ਇਸ ਕਿਤੇ ਨਾਲ ਜੁੜੇ ਸੈਲਾਨੀ ਸ਼ਿਰਕਤ ਕਰਦੇ ਹਨ, ਉਥੇ ਹੀ ਪੰਜਾਬ ਭਰ ਤੋਂ ਵੱਡੀ ਗਿਣਤੀ ਵਿੱਚ ਕਿਸਾਨਾਂ ਦੀ ਹਾਜ਼ਰੀ ਦੇਖਣ ਨੂੰ ਮਿਲਦੀ ਹੈ ।









ਪ੍ਰਬੰਧਕਾਂ ਨੇ ਖੁਸ਼ੀ ਦਾ ਇਜਹਾਰ ਕਰਦਿਆਂ ਕਿਹਾ ਕਿ ਇਸ ਵਾਰ ਪਿਛਲੀ ਵਾਰ ਤੋਂ ਵੀ ਜ਼ਿਆਦਾ ਕਿਸਾਨ ਭਰਾਵਾਂ ਨੇ ਇਸ ਪ੍ਰਦਰਸ਼ਨੀ ਵਿੱਚ ਹਿੱਸਾ ਲਿਆ, ਜਿਸ ਨੂੰ ਦੇਖਦੇ ਹੋਏ ਸੁਭਾਵਿਕ ਹੀ ਇਹ ਕਿਹਾ ਜਾ ਸਕਦਾ ਹੈ ਕਿ ਐਕਸਪੋ-2026 ਅਮਿਟ ਯਾਦਾਂ ਛੱਡਦੀ ਹੋਈ ਇੱਕ ਸਫਲਤਾ ਪੂਰਵਕ ਪ੍ਰਦਰਸ਼ਨੀ ਹੋ ਨਿਬੜੀ । ਇਸ ਮੌਕੇ ਬਲਦੇਵ ਸਿੰਘ, ਚੇਅਰਮੈਨ ਪੀ. ਐਸ. ਆਈ. ਐਮ. ਏ., ਉਡਾਣ ਮੀਡੀਆ ਦੇ ਮੈਨੇਜਿੰਗ ਡਾਇਰੈਕਟਰ ਜੀ. ਐਸ. ਢਿੱਲੋਂ, ਅਦਵਿੰਦਰ ਸਿੰਘ ਪ੍ਰਧਾਨ ਪੀ. ਐਸ. ਆਈ. ਐਮ. ਏ. ਅਤੇ ਸਰਬਜੀਤ ਸਿੰਘ ਵਾਈਸ ਚੇਅਰਮੈਨ ਏ. ਐਮ. ਐਮ. ਏ. ਇੰਡੀਆ ਸਮੇਤ ਉੱਘੇ ਪਤਵੰਤੇ ਸ਼ਾਮਿਲ ਸਨ । ਇਸ ਪ੍ਰਦਰਸ਼ਨੀ ਵਿੱਚ ਸਹਿਯੋਗ ਦੇਣ ਵਾਲੇ ਸਾਰੇ ਪ੍ਰਦਰਸ਼ਕਾਂ, ਦਰਸ਼ਕਾਂ ਅਤੇ ਉਦਯੋਗ ਸੰਗਠਨਾਂ ਦਾ ਉਡਾਣ ਮੀਡੀਆ ਦੇ ਮੈਨੇਜਿੰਗ ਡਾਇਰੈਕਟਰ ਜੀ. ਐਸ. ਢਿੱਲੋਂ ਨੇ ਦਿਲ ਦੀਆਂ ਗਹਿਰਾਈਆਂ ਵਿੱਚੋਂ ਧੰਨਵਾਦ ਕਰਦਿਆਂ ਕਿਹਾ ਕਿ ਅਸੀਂ ਧੰਨਵਾਦੀ ਹਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਗਡਵਾਸੂ, ਸੀ. ਆਈ. ਪੀ. ਐਚ. ਈ. ਟੀ. ਅਤੇ ਆਈ. ਸੀ. ਏ. ਆਰ. ਦਾ ਉਨ੍ਹਾਂ ਦੇ ਕੀਮਤੀ ਅਤੇ ਯੋਗਦਾਨ ਦੇ ਜਿਨ੍ਹਾਂ ਨੇ ਇਸ ਪ੍ਰਦਰਸ਼ਨੀ ਨੂੰ ਸਫਲ ਬਣਾਉਣ ਲਈ ਅਹਿਮ ਭੂਮਿਕਾ ਨਿਭਾਈ ਹੈ ।




## ਪੀਲੀ ਕੂੰਗੀ ਤੋਂ ਬਚਾਅ ਲਈ ਕਣਕ ਦੀ ਫ਼ਸਲ ਦਾ ਨਿਰੀਖਣ ਕਰੋ

ਮੁੱਖ ਖੇਤੀਬਾੜੀ ਅਫ਼ਸਰ ਫਾਜ਼ਿਲਕਾ ਸ੍ਰੀਮਤੀ ਹਰਪ੍ਰੀਤ ਪਾਲ ਕੌਰ ਜੀ ਨੇ ਜ਼ਿਲ੍ਹੇ ਅਤੇ ਸੂਬੇ ਦੇ ਕਿਸਾਨਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਮੇਂ ਪੰਜਾਬ ਵਿੱਚ ਕਣਕ ਦੀ ਫ਼ਸਲ ਟਿੱਲਰਿੰਗ ਤੋਂ ਬਾਲੀ ਨਿਕਾਸ ਦੇ ਦਰਮਿਆਨੇ ਦੌਰ ਵਿੱਚ ਹੈ। ਮੌਸਮ ਵਿੱਚ ਨਮੀ ਅਤੇ ਰਾਤ ਦੇ ਸਮੇਂ ਠੰਢੇ ਤਾਪਮਾਨ ਕਾਰਨ ਕਣਕ ਦੀ ਫ਼ਸਲ ਵਿੱਚ ਪੀਲੀ ਕੂੰਗੀ ਬਿਮਾਰੀ ਆਉਣ ਦੀ ਸੰਭਾਵਨਾ ਬਣੀ ਹੋਈ ਹੈ।

ਉਨ੍ਹਾਂ ਦੱਸਿਆ ਕਿ ਕਣਕ ਦੀ ਪੀਲੀ ਕੁੰਗੀ ਦੇ ਲੱਛਣਾਂ ਵਿੱਚ ਪੱਤਿਆਂ ਉੱਤੇ ਲੰਮੀ ਰੇਖਾ (stripe) ਵਿੱਚ ਸੰਤਰੀ-ਪੀਲੇ ਰੰਗ ਦੇ ਪਾਊਡਰ ਵਰਗੇ ਧੱਬੇ ਬਣ ਜਾਂਦੇ ਹਨ। ਇਹ ਧੱਬੇ ਛੂਹਣ 'ਤੇ ਉਂਗਲਾਂ 'ਤੇ ਪੀਲਾ ਰੰਗ ਛੱਡਦੇ ਹਨ, ਜੋ ਕਿ ਬਿਮਾਰੀ ਦੀ ਮੁੱਖ ਪਛਾਣ ਹੈ। ਠੰਢੇ ਅਤੇ ਨਮੀ ਵਾਲੇ ਮੌਸਮ ਵਿੱਚ ਇਹ ਕਣਕ ਦੇ ਖੇਤਾਂ ਵਿੱਚ ਤੇਜ਼ੀ ਨਾਲ ਫੈਲਦੀ ਹੈ। ਜੇ ਸਮੇਂ ਸਿਰ ਇਸ ਬਿਮਾਰੀ 'ਤੇ ਕਾਬੂ ਨਾ ਪਾਇਆ ਜਾਵੇ ਤਾਂ ਇਹ ਫ਼ਸਲ ਦੀ ਪੈਦਾਵਾਰ ਅਤੇ ਗੁਣਵੱਤਾ ਦੋਵਾਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ।

**ਨਿਗਰਾਨੀ :** ਮੁੱਖ ਖੇਤੀਬਾੜੀ ਅਫ਼ਸਰ ਜੀ ਨੇ ਕਿਸਾਨਾਂ ਨੂੰ ਸਲਾਹ ਦਿੱਤੀ ਕਿ ਉਹ ਆਪਣੀ ਕਣਕ ਦੀ ਫ਼ਸਲ ਦੀ ਨਿਯਮਿਤ ਜਾਂਚ ਕਰਨ ਖਾਸ ਤੌਰ 'ਤੇ ਜਨਵਰੀ-ਫਰਵਰੀ ਵਿੱਚ।

**ਕਿਸਮਾਂ :** ਪੀ.ਬੀ.ਡਬਲਯੂ.-725, ਉੱਨਤ ਪੀ.ਬੀ.ਡਬਲਯੂ.-550, ਪੀ.ਬੀ.ਡਬਲਯੂ. ਜ਼ਿੰਕ-2 ਅਤੇ ਪੀ.ਬੀ.ਡਬਲਯੂ.-752 ਵਰਗੀਆਂ ਰੋਧਕ ਕਿਸਮਾਂ ਦੀ ਚੋਣ ਕੀਤੀ ਜਾਵੇ।

**ਛਿੜਕਾਅ :** ਜਿਵੇਂ ਹੀ ਪੀਲੀ ਕੂੰਗੀ ਦੇ ਲੱਛਣ ਨਜ਼ਰ ਆਉਣ, ਤੁਰੰਤ ਸਿਫ਼ਾਰਸ਼ੀ ਫ਼ਫ਼ੂੰਦਨਾਸ਼ਕ ਦਵਾਈਆਂ ਦਾ ਛਿੜਕਾਅ ਕੀਤਾ ਜਾਵੇ। ਪੀਲੀ ਕੁੰਗੀ ਦਿਖਾਈ ਦਿੰਦੇ ਹੀ ਟਿਲਟ 25 ਈ.ਸੀ. (ਪ੍ਰੋਪੀਕੋਨਾਜ਼ੋਲ) 200 ਮਿ.ਲੀ. ਪ੍ਰਤੀ ਏਕੜ ਨੂੰ 200 ਲੀਟਰ ਪਾਣੀ ਵਿੱਚ ਮਿਲਾ ਕੇ ਛਿੜਕਾਅ ਕਰੋ। ਜਾਂ ਬਿਮਾਰੀ ਨਜ਼ਰ ਆਉਣ ਤੇ 300 ਗ੍ਰਾਮ ਤਾਕਤ 75 ਡਬਲਯੂ ਪੀ (ਕੈਪਤਾਨ + ਹੈਕਸਾਕੋਨਾਜ਼ੋਲ) ਜਾਂ 200 ਗ੍ਰਾਮ ਕੈਵੀਅਟ 25 ਡਬਲਯੂ ਜੀ (ਟੈਬੂਕੋਨਾਜ਼ੋਲ) ਜਾਂ 200 ਮਿਲੀਲੀਟਰ ਉਪੇਰਾ 18.3 ਐਸ ਈ ਨੂੰ 200 ਲੀਟਰ ਪਾਣੀ ਵਿੱਚ ਘੋਲ ਕੇ ਪਤੀ ਏਕੜ ਛਿੜਕਾਅ ਕਰੋ।

ਉਨ੍ਹਾਂ ਨੇ ਇਹ ਵੀ ਅਪੀਲ ਕੀਤੀ ਕਿ ਕਿਸਾਨ ਬੇਲੋੜੀ ਦਵਾਈਆਂ ਦੇ ਛਿੜਕਾਅ ਤੋਂ ਬਚਣ ਅਤੇ ਸਿਰਫ਼ ਖੇਤੀਬਾੜੀ ਵਿਭਾਗ ਵੱਲੋਂ ਸਿਫ਼ਾਰਸ਼ ਕੀਤੀਆਂ ਦਵਾਈਆਂ ਹੀ ਵਰਤਣ। ਕਿਸੇ ਵੀ ਕਿਸਮ ਦੀ ਜਾਣਕਾਰੀ ਜਾਂ ਤਕਨੀਕੀ ਸਹਾਇਤਾ ਲਈ ਕਿਸਾਨ ਆਪਣੇ ਨਜ਼ਦੀਕੀ ਬਲਾਕ ਖੇਤੀਬਾੜੀ ਦਫ਼ਤਰ ਜਾਂ ਖੇਤੀਬਾੜੀ ਅਧਿਕਾਰੀਆਂ ਨਾਲ ਸੰਪਰਕ ਕਰ ਸਕਦੇ ਹਨ।